

ਕਵੀ ਦੀ ਕਾਵਿ ਵਿਲੱਖਣਤਾ ਦਾ ਇਕ ਅਹਿਮ ਪੱਖ ਇਸ ਵਿਚਲੀ ਸੰਵਾਦ ਵਿਧੀ ਹੈ। ਵਾਸਤਵ ਵਿੱਚ ਕਵਿਤਾ ਇਕ 'ਸੰਵਾਦ' ਹੀ ਹੈ। ਜੇਕਰ ਅਸੀਂ ਇਸਦੇ ਰੂੜੀਗਤ ਅਰਥਾਂ ਵੱਲ ਵੇਖੀਏ ਤਾਂ ਉਹ ਵੀ ਵਾਰਤਾਲਾਪ ਜਾਂ ਕਿਸੇ ਨੂੰ ਸੰਬੋਧਿਤ ਹੋ ਕੇ ਕੁਝ ਵਚਨ ਕਰਨੇ ਹੁੰਦੇ ਹਨ। ਕਵੀ ਵੀ ਆਪਣੀ ਕਵਿਤਾ ਵਿੱਚ ਕਿਸੇ ਨਾ ਕਿਸੇ ਨੂੰ ਸੰਬੋਧਿਤ ਹੀ ਹੁੰਦਾ ਹੈ। ਕਦੀ ਉਹ ਪਿਆਰ ਪਾਤਰ (ਆਪਣੇ ਮਹਿਬੂਬ) ਨੂੰ ਸੰਬੋਧਿਤ ਹੁੰਦਾ ਹੈ ਕਦੀ ਪਾਠਕਾਂ ਨੂੰ ਅਤੇ ਕਦੇਂ ਸਵੈ ਕੇਂਦਰਿਤ ਹੋ ਕੇ ਆਤਮ ਸੰਵਾਦ ਰਚਾਉਂਦਾ ਹੈ। ਕਵੀ ਮਨ ਆਪਣੇ ਖੁਸ਼ਬਬਾਲ ਜਾਂ ਦੁੱਖ ਦੇ ਕਿਸੇ ਭਾਵ ਅਵਸਥਾ ਨੂੰ ਹੀ ਕਾਵਿ ਵਿੱਚ ਅਭਿਵਿਅਕਤ ਕਰਦਾ ਹੈ। ਦੂਸਰੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਕਵੀ ਮਨ ਵਿੱਚ ਭਾਵਨਾਵਾਂ ਦੀ ਉਤਪਤੀ ਤੇ ਪ੍ਰਫੁਲਨ ਸ਼ਬਦਾਂ ਦਾ ਰੂਪ ਧਾਰ ਕੇ ਪਾਠਕ/ਸਰੋਤਾ ਦੇ ਸਨਮੁਖ ਹੁੰਦਾ ਹੈ। ਅਰਵਿੰਦ ਨੇ ਆਪਣੀ ਕਵਿਤਾ ਵਿੱਚ ਸੰਵਾਦ ਦੇ ਹਰ ਰੂਪ ਜਿਵੇਂ ਨਾਟਕੀ ਸੰਵਾਦ, ਪਾਠਕ/ਸਰੋਤਾ ਸੰਵਾਦ, ਕਿਸੇ ਅਦ੍ਰਿਸ਼ ਧਿਰ ਨਾਲ ਸੰਵਾਦ, ਸਿੱਧਾ ਸੰਬੋਧਨ ਆਦਿ ਦੀ ਵਿਕਵਤਾ ਪੂਰਵਕ ਵਰਤੋਂ ਕੀਤੀ ਹੈ।

ਜਸਵਿੰਦਰ ਦੂਹੜਾ

ਇਸ ਵਾਰ ਫਿਰ

ਕਾਵਿ ਸੰਗ੍ਰਹਿ

ਅਰਵਿੰਦ ਕੁਮਾਰ

# ਇਸ ਵਾਰ ਫਿਰ

ਕਾਵਿ ਸੰਗ੍ਰਹਿ



ਅਰਵਿੰਦ ਕੁਮਾਰ

# ਇਸ ਵਾਰ ਫਿਰ

(ਕਾਵਿ ਸੰਗ੍ਰਹਿ)

ਅਰਵਿੰਦ ਕੁਮਾਰ

ਪ੍ਰਕਾਸ਼ਕ

**ਵੇਦਨਾ ਪਬਲੀਕੇਸ਼ਨਜ਼** (ਰਜਿ.)



# ES VAR PHIR

*A Collecation of poems*
*by ARVIND KUMAR*

ADDRESS : ARVIND KUMAR
V.P.O JANDU SINGHA
DISTT. JALANDHAR-1440025
PUNJAB (INDIA)
PH.-9915890530, 9872125636

EDITOR : JASWINDER DUHRA
V.P.O DUHRE
DISTT. JALANDHAR-144302
PUNJAB (INDIA)
PH.- 9872336944
E-MAIL - s.jaswinder97@yahoo.com ®

PUBLISHED BY : VEDNA PUBLICATIONS
V.P.O DUHRE
DISTT. JALANDHAR-144302
PH. -0181-2716290

FIST EDITION : 2007

© : ARVIND KUMAR

TYPE SETTING & TITAL
DUHRA COMPUTER'S BY KAMALJIT KAUR

***price library : 80 /-RS.***
***paper back : 50/-RS.***

**ਇਸੇ ਕਾਲਮ ਤੋਂ ਪ੍ਰਕਾਸ਼ਿਤ ਦੀਆਂ ਹੋਰ ਪੁਸਤਕਾਂ :-**

ਕਿਰਨਾਂ ( ਮਿੰਨੀ ਕਹਾਣੀ ਸੰਗ੍ਰਹਿ)
ਝੁਕਿਆ ਸੀਸ (ਕਾਵਿ ਸੰਗ੍ਰਹਿ)
ਪੱਤਝੜ (ਕਾਵਿ ਸੰਗ੍ਰਹਿ)

# ਇਸ ਵਾਰ ਫਿਰ

(ਕਾਵਿ ਸੰਗ੍ਰਹਿ)

## ਸਮਰਪਿਤ

ਜਿਹਨਾਂ ਨੇ ਸਿਆਲ਼ ਦੀ ਕੜਕਦੀ ਸਰਦੀ ਵਿਚ ਪੈਰੀ ਜੋੜਾ ਨਾ ਪਾਇਆ ਪਰ ਮੇਰੇ ਲਈ ਸਕੂਲ ਦੀ ਵਰਦੀ ਬਣਵਾਈ। ਉਹਨਾਂ ਨੇ ਆਪ ਬਿੰਨਾਂ ਦਾਲ਼ ਦੇ ਰੋਟੀ ਖਾਦੀ ਪਰ ਮੇਰੀ ਸਕੂਲ ਦੀ ਫ਼ੀਸ ਦਿੱਤੀ।

**ਅਰਵਿੰਦ ਕੁਮਾਰ**



## ਕਿੱਥੋਂ ! ਕੀ ਲੱਭੇਗਾ ?


ਮੁੱਖ ਬੰਦ-ਜਸਵਿੰਦਰ ਦੂਹੜਾ/5
ਅਰਵਿੰਰ-ਜਨਾਬ ਨਾਥ/09
ਮੈਂ ਵੀ ਕੁਝ ਕਹਿਣਾ.....ਅਰੁਜਨ ਕੁਮਾਰ/10
ਸੱਚ ਬਿਆਨ ਕਰਨ....ਸ਼ਸ਼ੀਪਾਲ/10
ਗਰਭਪਾਤ/11
ਸਿੰਬਲ/14
ਇਨਸਾਫ਼/16
ਅੱਗ ਦੇ ਹਸਤਾਖ਼ਰ/16
ਕੰਕਰੀਟ ਦੀਆਂ ਚੋਂਦੀਆਂ ਛੱਤਾਂ/17
ਓ ! ਦੇਵਤਿਓ/20
ਝੁਲਸੇ ਚਿਹਰੇ/21
ਪੀੜਾ ਦੇ ਕਾਫ਼ਲੇ/22
ਦੋ ਮਿੰਟ ਸ਼ਰਧਾਜਲੀ/23
ਸੋਚੇ/25
ਤੂੰ ਹੀ ਤੂੰ/26
ਪਾਕ- ਮੁਹੱਬਤ !/27
ਜ਼ਿੰਦਗੀ ਮੇਰੀ 'ਚ ਆਕੇ/29
ਪਾਤਰ/30
ਮੈਂ ਇੱਕ ਬਾਪ ਹਾਂ/31
ਮਾਵਾਂ ਕੀ ਕਰਨਗੀਆਂ/33
ਖ਼ਿਆਲ/34
ਮਾਂ/35
ਕੁਰਸੀ ਦੀ ਖੇਡ/37
ਅਰੰਭ ਤੋਂ ਅੰਤ ਤੱਕ/38
ਕਰਜ਼ਾ/40
ਭਗਤ ਸਿੰਘ ਨੂੰ/41
ਮੇਰੇ ਦੇਸ਼ ਵਿੱਚ/42
ਤੂੰ ਕਾਤਲ ਹੈ/43
ਰੁੱਸਿਆ ਸੁਪਨਾ/44
ਖ਼ਤਰਾ ਹੈ/46
ਅਰਜ਼ੋਈ/47
ਚਿਹਰੇ ਫ਼ਕੀਰਾਂ ਦੇ/48
ਮੈਨੂੰ ਜੋ ਜਾਨਣਾ ਚਾਹੀਦਾ ਸੀ/49
ਇੱਕ ਸ਼ਹਿਰ/51
ਫ਼ਰਮਾਨ/52
ਤੈਥੋਂ ਬਿੰਨਾਂ/53
ਚਿੜੀਆਂ ਦੇ ਹੌਸਲੇ/55
ਤੇਰੇ ਜਾਣ ਤੋਂ ਬਾਅਦ/56
ਲੋਰੀਆਂ/57
ਮੇਰੀ ਉਡੀਕ/58
ਮਾਤਮ ਹੀ ਮਾਤਮ/60
ਜ਼ਿੰਦਗੀ/61
ਯਾਦਾਂ ਦੇ ਖੰਡਰ/62
ਦੋਸਤਾ !/63
ਕਲਯੁੱਗ ਦਾ ਕੁਰੂਕਸ਼ੇਤਰ/64
ਮਗਰ ਹੰਝੂ/65
ਆਮ ਆਦਮੀ/66
ਮੈਂ ਆਜ਼ਾਦ ਹਾਂ/68
ਸਾਡੇ ਜੀਉਂਦੇ ਜੀਅ/70
ਗੁੱਸਾ ਕਿਉਂ ਨਹੀਂ ਆਉਦਾ/72
ਸਿਆਸਤ/74
ਜ਼ਿੰਦਗੀ ਦੇ ਅਰਥ/75
ਆਦਮਖੋਰ/77
ਇਸ ਵਾਰ ਫੇਰ/78

# ਮੁੱਖ ਬੰਦ

ਕੁਝ ਲੋਕ ਕਵਿਤਾ ਲਿਖਦੇ ਹਨ ਅਤੇ ਕੁਝ ਲੋਕ ਕਵਿਤਾ ਨੂੰ ਜਿਉਂਦੇ ਹਨ, ਆਪਣੇ ਤਨ ਤੇ ਹੰਢਾਉਂਦੇ ਹਨ। ਉਨ੍ਹਾਂ ਦੀ ਕਵਿਤਾ ਮਹਿਜ਼ ਕਵਿਤਾ ਨਾ ਰਹਿਕੇ ਇਤਿਹਾਸ ਹੋ ਨਿਬੜਦੀ ਹੈ। ਕਵਿਤਾ ਦੇ ਨਾਲ ਜ਼ਿੰਦਗੀ ਜਿਊਣ, ਹੰਢਾਉਣ ਵਾਲਾ ਹੀ ਇਕ ਨਾਂ ਹੈ ਅਰਵਿੰਦ ਕੁਮਾਰ। ਕਵਿਤਾ ਨੂੰ ਆਪਣੇ ਅੰਗ ਅੰਗ ਵਿੱਚ ਸਮਾ ਕੇ ਇਹ ਕਵੀ ਵਿੱਲਖਣਾ ਦਾ ਧਾਰਵੀ ਬਣਦਾ ਹੋਇਆ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਉਤਰਿਆ ਹੈ। ਨੌਨ ਪੰਜਾਬੀ ਹੁੰਦਿਆ ਹੋਇਆ ਵੀ ਪੰਜਾਬੀ ਸਾਹਿਤ ਨਾਲ ਉਸ ਦੀ ਇੰਨੀ ਗੂੜੀ ਸਾਂਝ ਹੈ ਕਿ ਪੰਜਾਬੀ ਕਵਿਤਾ ਉਸ ਦੇ ਰੋਮ ਰੋਮ ਵਿਚ ਸਮਾ ਗਈ ਜਾਪਦੀ ਹੈ। ਹੱਥਲਾ ਕਾਵਿ ਸੰਗ੍ਰਹਿ ਉਸ ਦਾ ਪਲੇਠਾ ਕਾਵਿ ਸੰਗ੍ਰਿਹ ਹੈ ਜਿਸ ਵਿਚਲੀ ਕਵਿਤਾ ਸਮੁੰਦਰ ਵਿੱਚ ਉੱਠੀਆਂ ਸੁਨਾਮੀ ਲਹਿਰਾਂ ਵਾਂਗ ਲੋਕ ਮਨਾਂ ਤੇ ਦਸਤਕ ਦਿੰਦੀ ਹੈ। ਉਸ ਦੀ ਕਵਿਤਾ ਪਾਠਕ ਨੂੰ ਕੋਈ ਸਬਜ਼ ਬਾਗ਼ ਨਹੀਂ ਦਿਖਾਉਂਦੀ ਨਾ ਹੀ ਉਸ ਦੀ ਕਵਿਤਾ ਪਾਠਕ ਨੂੰ ਕਿਸੇ ਦੂਸਰੇ ਪਰੀ ਲੋਕ ਵਿੱਚ ਲੈ ਜਾਂਦੀ ਹੈ। ਸਗੋਂ ਉਹ ਪਾਠਕ ਨੂੰ ਧਰਤ ਦੀ ਕੜਵੀ ਸਚਾਈ ਤੋਂ ਅਵਗਤ ਕਰਉਂਦੀ ਹੈ। ਉਹ ਧਰਤ ਦਾ ਕਵੀ ਹੈ ਅਤੇ ਧਰਤ ਦੀ ਗੱਲ ਕਰਦਾ ਹੈ.......

ਅਸਮਾਨ ਵਿੱਚ ਘੁੰਮਦੇ ਰਹਿਣਾ
ਲੰਡਨ ਬ੍ਰਿਜ ਤੇ ਗਾਣੇ ਗਾਉਂਣਾ
ਸੋਹਣੀ ਜਹੀ ਕੁੜੀ ਦੇ ਨਾਲ
ਝਰਨੇ ਥੱਲੇ ਇਸ਼ਕ ਲੜਾਉਂਣਾ
ਇਹ ਸਭ ਫ਼ਿਲਮਾਂ ਦੇ ਵਿੱਚ ਹੁੰਦਾ ਹੈ
ਤੇ ਅਸੀਂ ਫ਼ਿਲਮਾਂ ਦੇ ਪਾਤਰ ਨਹੀਂ ਹਾਂ।

ਕਵੀ ਦੀ ਕਾਵਿ ਵਿਲੱਖਣਤਾ ਦਾ ਇਕ ਅਹਿਮ ਪੱਖ ਇਸ ਵਿਚਲੀ ਸੰਵਾਦ ਵਿਧੀ ਹੈ। ਵਾਸਤਵ ਵਿੱਚ ਕਵਿਤਾ ਇਕ 'ਸੰਵਾਦ' ਹੀ ਹੈ। ਜੇਕਰ ਅਸੀਂ ਇਸਦੇ ਰੂੜੀਗਤ ਅਰਥਾਂ ਵੱਲ ਵੇਖੀਏ ਤਾਂ ਉਹ ਵੀ ਵਾਰਤਾਲਾਪ ਜਾਂ ਕਿਸੇ ਨੂੰ ਸੰਬੋਧਿਤ ਹੋ ਕੇ ਕੁਝ ਵਚਨ ਕਰਨੇ ਹੁੰਦੇ ਹਨ। ਕਵੀ ਵੀ ਆਪਣੀ ਕਵਿਤਾ ਵਿੱਚ ਕਿਸੇ ਨਾ ਕਿਸੇ ਨੂੰ ਸੰਬੋਧਿਤ ਹੀ ਹੁੰਦਾ ਹੈ। ਕਦੀ ਉਹ ਪਿਆਰ ਪਾਤਰ (ਆਪਣੇ ਮਹਿਬੂਬ) ਨੂੰ ਸੰਬੋਧਿਤ ਹੁੰਦਾ ਹੈ ਕਦੀ ਪਾਠਕਾਂ ਨੂੰ ਅਤੇ ਕਦੇਂ ਸਵੈ ਕੇਂਦਰਿਤ ਹੋ ਕੇ



ਆਤਮ ਸੰਵਾਦ ਰਚਾਉਂਦਾ ਹੈ। ਕਵੀ ਮਨ ਆਪਣੇ ਖੁਸ਼ਬਬਾਲ ਜਾਂ ਦੁੱਖ ਦੇ ਕਿਸੇ ਭਾਵ ਅਵਸਥਾ ਨੂੰ ਹੀ ਕਾਵਿ ਵਿੱਚ ਅਭਿਵਿਅਕਤ ਕਰਦਾ ਹੈ। ਦੂਸਰੇ ਸ਼ਬਦਾਂ ਵਿੱਚ ਕਹਿ ਸਕਦੇ ਹਾਂ ਕਿ ਕਵੀ ਮਨ ਵਿੱਚ ਭਾਵਨਾਵਾਂ ਦੀ ਉਤਪਤੀ ਤੇ ਪ੍ਰਫੁਲਨ ਸ਼ਬਦਾਂ ਦਾ ਰੂਪ ਧਾਰ ਕੇ ਪਾਠਕ/ਸਰੋਤਾ ਦੇ ਸਨਮੁਖ ਹੁੰਦਾ ਹੈ। ਅਰਵਿੰਦ ਨੇ ਆਪਣੀ ਕਵਿਤਾ ਵਿੱਚ ਸੰਵਾਦ ਦੇ ਹਰ ਰੂਪ ਜਿਵੇਂ ਨਾਟਕੀ ਸੰਵਾਦ, ਪਾਠਕ/ਸਰੋਤਾ ਸੰਵਾਦ, ਕਿਸੇ ਅਦ੍ਰਿਸ਼ ਧਿਰ ਨਾਲ ਸੰਵਾਦ, ਸਿੱਧਾ ਸੰਬੋਧਨ ਆਦਿ ਦੀ ਵਿਕਵਤਾ ਪੂਰਵਕ ਵਰਤੋਂ ਕੀਤੀ ਹੈ। ਮਿਸਾਲ ਦੇ ਤੌਰ ਤੇ ਉਸ ਦੀ ਕਵਿਤਾ ਆਮ ਆਦਮੀ ਦੇਖਦੇ ਹਾਂ.....

ਐ ਆਮ ਆਦਮੀ
ਆ ਆਪਾਂ ਦੋਵੇਂ ਬੈਠੀਏ ਤੇ
ਵਿਚਾਰ ਕਰੀਏ
ਇਸ ਆਜ਼ਾਦ ਭਾਰਤ ਤੋਂ
ਸਾਨੂੰ ਕੀ ਮਿਲਿਆ ?
......................

ਉਪਰੋਕਤ ਕਵਿਤਾ ਵਿੱਚ ਉਹ ਇਕ ਆਮ ਆਦਮੀ ਨਾਲ ਸੰਵਾਦ ਰਚਦਾ ਹੋਇਆ, ਅੱਜ ਆਜ਼ਾਦੀ ਦੇ ਇੰਨੇ ਵਰਿਆਂ ਬਾਅਦ ਵੀ ਇਕ ਆਮ ਆਦਮੀ ਦੀ ਗਰੀਬੀ, ਮਜ਼ਬੂਰੀ, ਲਚਾਰੀ ਆਦਿ ਦੀ ਗੱਲ ਕਰਦਾ ਹੈ। ਨਾਟਕੀ ਤੱਤ ਕਵਿਤਾ ਨੂੰ ਰੌਚਕ ਬਣਾਉਂਦੇ ਹਨ। ਪੂਰੀ ਕਵਿਤਾ ਵਿੱਚ ਕਵੀ ਨੇ ਰਾਜਨੀਤੀ ਅਤੇ ਕਾਨੂੰਨ ਦੀ ਚੱਕੀ ਵਿੱਚ ਪਿੱਸ ਰਹੇ ਆਮ ਆਦਮੀ ਦਾ ਬੜੀ ਸ਼ਿੱਦਤਤਾ ਨਾਲ ਚਿਤਰਨ ਕੀਤਾ ਹੈ। ਦੇਸ਼, ਕਨੂੰਨ, ਰਾਜਨੀਤੀ ਜਾਂ ਸਮਾਜਕ ਵਿਵਸਥਾ ਦੇ ਗਲਤ ਪ੍ਰਬੰਧਾਂ ਅਤੇ ਉਸਦੀਆਂ ਹਾਲਤ ਕਦਰਾਂ ਕੀਮਤਾਂ ਪ੍ਰਤੀ ਪ੍ਰਚੰਡ ਵਿਦਰੋਹ ਦੀ ਸੁਰ ਹੀ ਉਸ ਦੀ ਕਵਿਤਾ ਦਾ ਪਛਾਣ ਚਿੰਨ ਹੈ। ਭਾਵੇ ਉਸਦੀ ਵਿਦਰੋਹੀ ਸੁਰ ਇੰਨੀ ਸ਼ਕਤੀ ਸ਼ਾਲੀ ਹੈ ਕਿ ਇਹ ਆਪਣੀ ਵਿੱਲਖਣਤਾ ਦੇ ਦਮ ਤੇ ਪਾਠਕ/ਸਰੋਤੇ ਨੂੰ ਕੀਲ ਕੇ ਰੱਖ ਦਿੰਦੀ ਹੈ ਤੇ ਉਹ ਇਕ ਵਾਰ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ। ਮਿਸਾਲ ਵਜੋਂ.......

ਸੰਸਦ ਅੰਦਰ ਬੈਠਕੇ
ਸੰਵਿਧਾਨ ਦੀ ਵਿਆਖਿਆ ਦੇ ਨਾਂ ਤੇ
ਸੰਵਿਧਾਨ ਦੀਆਂ

ਧੱਜੀਆਂ ਉਡਾਣ ਵਾਲੇ ਲੋਕਾਂ ਤੇ
ਸੰਵਿਧਾਨ ਦੇ ਕਿਸੇ ਪੈਰੋਕਾਰ ਨੂੰ
ਗੁੱਸਾ ਕਿਉਂ ਨਹੀਂ ਆਉਂਦਾ?
............................
ਜਾਂ

ਪਹਿਲਾਂ ਦੰਗੇ ਕਰਾਉਂਦੇ ਨੇ
ਫਿਰਚਿੰਤਾ ਜਤਾਉਂਦੇ ਨੇ
ਇਹ ਹੀ ਨੇ ਉਹ ਲੋਕ
ਜੋ ਸਾਡੇ ਘਰ ਜਲਾਉਂਦੇ ਨੇ।
..........................

ਸਮੁੱਚੇ ਤੌਰ ਤੇ ਅਰਵਿੰਦ ਦੀ ਕਵਿਤਾ ਨੂੰ ਸੰਪੂਰਨ ਕਾਵਿ ਕਿਹਾ ਜਾ ਸਕਦਾ ਹੈ ਕਿਉਂਕਿ ਇਨਸਾਨੀ ਜ਼ਿੰਦਗੀ ਨਾਲ ਸੰਬੰਧਿਤ ਕੋਈ ਵੀ ਅਜਿਹਾ ਵਿਸ਼ਾ ਜਾਂ ਸਰੋਕਾਰ ਨਹੀਂ ਜਿਸਨੂੰ ਉਸਦੀ ਕਵਿਤਾ ਨਾ ਛੂੰਹਦੀ ਹੋਵੇ। ਫਿਰ ਚਾਹੇ ਉਹ ਪੰਜਾਬੀ ਗਾਇਕੀ ਵਿੱਚ ਆ ਰਿਹਾ ਨਿਘਾਰ ਹੋਵੇ, ਗਰੀਬੀ ਵਿੱਚ ਗਲਤਾਨ ਹੋਏ ਆਮ ਆਦਮੀ ਦੀ ਗੱਲ ਹੋਵੇ ਜਾਂ ਸੱਤਾ ਦੇ ਨਸ਼ੇ ਵਿੱਚ ਚੂਰ ਕਿਸੇ ਰਾਜਨੇਤਾ ਦੀ ਗੱਲ ਹੋਵੇ, ਇੰਨ੍ਹਾਂ ਸਮਾਜਿਕ ਸਰੋਕਾਰਾਂ ਪ੍ਰਤੀ ਉਹ ਪੂਰੀ ਤਰ੍ਹਾਂ ਪਰਿਪੱਖ ਸੋਚ ਦਾ ਧਾਰਨੀ ਹੈ। ਲੰਬੀਆਂ ਕਵਿਤਾਵਾਂ ਉਸ ਦੀ ਕਾਵਿਕ ਸੂਝ ਦੀ ਅਭਿਵਿਅਕਤੀ ਕਰਦੀਆ ਹਨ। ਆਮ ਜੀਵਨ ਵਿੱਚ ਲਏ ਗਏ ਬਿੰਬ, ਪ੍ਰਤੀਕ, ਸਮਾਸ ਉਸ ਦੀ ਸੁਹਜਾਤਮਕਤਾ ਦਾ ਪ੍ਰਗਟਾਵਾ ਕਰਦੇ ਹਨ ਆਧੁਨਿਕ ਮਨੁੱਖ ਦੀ ਵੇਦਨਾ ਨੂੰ ਜਿਸ ਸ਼ਿੱਦਤ ਨਾਲ ਉਸ ਨੇ ਪੇਸ਼ ਕੀਤਾ ਹੈ ਇਹ ਉਸਦੀ ਕਾਵਿ ਵਿਲੱਖਣਾ ਹੀ ਕਹੀ ਜਾ ਸਕਦੀ ਹੈ। ਉਸਦੀ ਕਵਿਤਾ ਇਕ ਵੰਗਾਰ ਹੈ ਅੱਜ ਦੇ ਮਨੁੱਖ ਲਈ ਜਿਸ ਵਿੱਚੋਂ ਇਨਸਾਨੀਅਤ ਖ਼ਤਮ ਹੁੰਦੀ ਜਾ ਰਹੀ ਹੈ। ਉਹ ਆਪਣੀ ਹੋਂਦ ਤੋਂ ਵੀ ਨਾਖੁਸ਼ ਹੈ। ਉਸਨੂੰ ਆਪਣੀ ਜ਼ਿੰਦਗੀ ਕਿਸੇ ਮਸ਼ੀਨਰੀ ਦਾ ਵਿਗੜਿਆ ਹੋਇਆ ਇਕ ਪੁਰਜ਼ਾ ਜਾਪਦੀ ਹੈ ਜਿਸਨੂੰ ਉਹ ਪਰੰਪਰਾ ਦਾ ਸਹਾਰਾ ਲੈ ਕੇ ਠੀਕ ਕਰਨ ਦੀ ਕੌਸ਼ਿਸ਼ ਵਿੱਚ ਲੱਗਿਆ ਪ੍ਰਤੀਤ ਹੁੰਦਾ ਹੈ....

ਪਰ
ਮੈਂ ਤਾਂ
ਆਪਣੀ ਹੋਂਦ ਤੋਂ
ਨਾ ਖੁਸ਼ ਹਾਂ



ਵਿਗੜੇ ਹੋਏ ਮੋਬਾਇਲ ਵਾਂਗ
ਮੋਮ ਬੱਤੀ ਦੀ ਲੋਅ ਨਾਲ
ਪੁਰਾਣੀ ਕੁਰਸੀ ਤੇ ਬਹਿ
ਜ਼ਿੰਦਗੀ ਨੂੰ
ਠੀਕ ਕਰਨ ਦੀ ਕੋਸ਼ਿਸ਼ ਵਿੱਚ
ਲੱਗਾ ਹੋਇਆਂ ਹਾਂ।
....................

ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਕਵੀ ਨੇ ਆਪਣੀ ਕਵਿਤਾ ਵਿੱਚ ਜਿਹੜੀ ਸ਼ਬਦਾਬਲੀ ਜੋ ਬਿੰਬਾਬਲੀ ਲਿਆਂਦੀ ਹੈ ਉਹ ਅਸਲੋਂ ਨਵੀ ਨਹੀਂ। ਇਸ ਦੇ ਬਾਵਜੂਦ ਵੀ ਪਾਠਕ ਨੂੰ ਇਸ ਵਿੱਚੋਂ ਸੱਜਰੇ ਪਨ ਦੀ ਮਹਿਕ ਦਾ ਅਹਿਸਾਸ ਕਰਾ ਦੇਣਾ ਹੀ ਉਸ ਦੀ ਕਾਵਿ ਕੌਸ਼ਲਤਾ ਹੈ। ਕਿਤੇ ਕਿਤੇ ਉਸ ਨੇ ਖਰਵੇ ਅਤੇ ਅਕਾਵਿਕ ਮੁਹਾਵਰੇ ਵਰਤ ਕੇ ਕਵਿਤਾ ਵਿੱਚ ਇਕ ਇਨਕਲਾਬੀ ਟੋਨ ਲੈ ਆਂਦੀ ਹੈ। ਉਹ ਲੋਕਾਈ ਦੇ ਦਰਦ ਨੂੰ ਆਪਣੇ ਅੰਦਰ ਸਮੋਅ ਲੈਣਾ ਲੋਚਦਾ ਹੈ ਇਕ ਨਵੇਂ, ਨਰੋਏ ਸਮਾਜ ਦਾ ਸਿਰਜਣਾ ਹੀ ਉਸਦੀ ਇਕ ਮਾਤਰ ਅਭਿਲਾਸ਼ਾ ਹੈ। ਸ਼ਾਲਾ ਉਸਦੀ ਇਹ ਅਭਿਲਾਸ਼ਾ ਜਲਦੀ ਪੂਰੀ ਹੋਵੇ ਮੈਨੂੰ ਆਸ ਹੈ ਕਿ ਸਮੁੱਚੀ ਲੋਕ ਵੇਦਨਾ ਦਾ ਪ੍ਰਗਟਾਵਾ ਕਰਦੀ ਅਰਵਿੰਦ ਦੀ ਇਸ ਕਵਿਤਾ ਨੂੰ ਪਾਠਕ ਖਿੜੇ ਮੱਥੇ ਕਬੂਲਣਗੇ ਅਤੇ ਛੇਤੀ ਹੀ ਉਹ ਪੰਜਾਬੀ ਸਾਹਿਤ ਜਗਤ ਦਾ ਇਕ ਚਮਕਦਾ ਸਿਤਾਰਾ ਹੋ ਨਿਬੜੇਗਾ।

13-02-2007

**ਜਸਵਿੰਦਰ ਦੂਹੜਾ**
ਪਿੰਡ ਤੇ ਡਾਕ. ਦੂਹੜੇ
ਜਿਲ੍ਹਾ ਜਲੰਧਰ-144302
ਫੂਨ ਨੰ. 9872336944
E-MAIL - s.jaswinder97@yahoo.com

# ਨਿਤਾਣੇ ਲੋਕਾਂ ਦੇ ਹਜ਼ੂਮ ਲਈ ਖੜਾ-ਅਰਵਿੰਦ

ਇਤਹਾਸ ਗਵਾਹ ਹੈ
ਕਿ ਇਹਨਾਂ ਦੀ ਉਮਰ
ਪਤੰਗਿਆਂ ਤੋਂ ਵੱਧ ਨਹੀਂ ਹੁੰਦੀ।
ਦ੍ਰਿੜ ਸੰਕਲਪ ਲੈਕੇ
ਜਦ ਵੀ ਸਿਰ ਲੱਥ
ਜੀਵੜਿਆਂ ਦਾ ਹਜ਼ੂਮ
ਜਿਸ ਪਾਸੇ ਵੀ ਗਿਆ ਹੈ
ਜ਼ੁਲਮ ਤੇ ਜ਼ਾਲਮ ਦੇ ਰਾਜ ਨੂੰ
ਨਿਸਤ-ਓ-ਨਾਬੂਦ ਕੀਤਾ ਹੈ।
ਇਹ ਜਿਸ ਰਾਹ ਵੱਲ ਵੱਧਿਆ ਹੈ
ਪਰਬਤ ਝੁਕੇ ਨੇ
ਤੂਫ਼ਾਨਾ ਦੇ ਮੂੰਹ ਮੁੜੇ ਨੇ
ਸਮੁੰਦਰ ਨੇ ਰਾਹ ਛੱਡੇ ਨੇ।
ਮੈਂ ਵੇਖ ਰਿਹਾਂ ਹਾਂ
ਸ਼ਾਹੀ ਬੁਰਜ਼ਾ ਵੱਲ ਵੱਧ ਰਹੇ
ਨਿਤਾਣੇ ਲੋਕਾਂ ਦੇ ਹਜ਼ੂਮ ਨੂੰ
ਜੋ ਹੱਥਾਂ ਚ ਪੱਥਰ ਚੁੱਕੀ
ਨਜ਼ਰ ਆਉਂਦੇ ਨੇ।
ਇਹ ਓਹੀ ਲੋਕ ਨੇ
ਜੋ ਸਤਿਕਾਰੇ ਜਾਣ ਤੇ
ਸਿਰ ਤਾਜ ਧਰ ਦਿੰਦੇ ਨੇ
ਦੁਤਕਾਰੇ ਜਾਣ ਤੇ
ਸਿਰ ਕਲਮ ਵੀ ਕਰ ਦਿੰਦੇ ਨੇ।
ਸੱਚ ਦੀ ਹਾਮੀ ਭਰਨ ਲਈ
ਜ਼ਹਿਰ ਪਿਆਲੇ ਪੀਣ ਲਈ
ਖ਼ੱਲ ਲਹਾਉਣ ਲਈ
ਸੂਲ਼ੀ ਤੇ ਚੜਨ ਲਈ
ਇਸ ਵਾਰ.....
ਇਹਨਾਂ ਨਿਤਾਣੇ ਲੋਕਾਂ ਦੀ
ਗੱਲ ਕਰਨ.....
ਅਰਵਿੰਦ......
ਆਇਆ ਹੈ॥

☛ **ਨਾਥ**

2-3-2007

ਜੰਡੂਸਿੰਘਾਂ (ਜਲੰਧਰ)-144025
9872314574



# ਮੈਂ ਵੀ ਕੁਝ ਕਹਿਣਾ ਆਪਣੇ ਭਰਾ ਤੇ ਪਰਿਵਾਰ ਬਾਰੇ



ਆਰਥਿਕ ਤੌਰ ਤੇ ਅਸੀਂ ਬਹੁਤ ਹੀ ਗ਼ਰੀਬ ਪਰਿਵਾਰ ਵਿਚ ਪੈਦਾ ਹੋਏ ਇੰਨੀ ਗ਼ਰੀਬੀ ਕਿ ਉਹ ਥਾਂ ਅਜੇ ਤਕ ਵੀ ਸਾਨੂੰ ਨਸੀਬ ਨਹੀਂ ਹੋਈ ਜਿਸਨੂੰ ਅਸੀਂ ਆਪਣੇ ਘਰ ਦਾ ਨਾਂ ਦੇ ਸਕੀਏ। ਪਰ ਆਮ ਲੋਕਾਂ ਤੋਂ ਕੁਝ ਅੱਗੇ ਕਰ ਗੁਜ਼ਰਨ ਦੀ ਤਮਨਾਂ ਨੇ ਸਾਨੂੰ ਅੱਗੇ ਵੱਧਣ ਲਈ ਹਮੇਸ਼ਾ ਹੀ ਪ੍ਰੇਰਿਤ ਕੀਤਾ ਹੈ। ਦੂਜਾ ਸਾਡੇ ਮਾਪਿਆਂ ਨੇ ਵੀ ਸਾਨੂੰ ਹਮੇਸ਼ਾ ਤਰੱਕੀ ਲਈ ਪ੍ਰੇਰਤ ਕੀਤਾ ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਬਾਵਜੂਦ ਵੀ ਸਾਨੂੰ ਕਦੇ ਤੰਗੀ ਮਹਿਸੂਸ ਨਹੀਂ ਹੋਣ ਦਿੱਤੀ ਅਤੇ ਸਾਡੇ ਚੰਗੇ ਭਵਿੱਖ ਲਈ ਉਹਨਾਂ ਆਪਣੀ ਹੈਸੀਅਤ ਤੋਂ ਵੱਧਕੇ ਸਾਡੇ ਲਈ ਕੀਤਾ।

ਅਰਵਿੰਦ ਮੇਰੇ ਨਾਲੋਂ ਵੱਡਾ ਹੈ ਉਸ ਦੀ ਸੋਚ ਬਚਪਨ ਤੋਂ ਹੀ ਸਾਡੇ ਤਿੰਨੇ ਭਰਾਵਾਂ ਨਾਲੋਂ ਵੱਖਰੀ ਹੈ ਉਸ ਨੇ ਜੋ ਕੁਝ ਲਿਖਿਆ ਹੈ ਉਹ ਸਾਡੀ ਨਿੱਜੀ ਜਾਂ ਸਾਡੇ ਵਰਗਿਆਂ ਦੀ ਜ਼ਿੰਦਗੀ ਦੇ ਆਲੇ ਦੁਆਲੇ ਜੋ ਵਾਪਰਿਆ ਹੈ ਉਸਨੂੰ ਹੀ ਕਵਿਤਾ ਦੇ ਰੂਪ ਵਿਚ ਚਿਤਰਿਆ ਹੈ।

ਅੱਜ ਜਦੋਂ ਅਰਵਿੰਦ ਦਾ 'ਇਕ ਵਾਰ ਫਿਰ' ਕਾਵਿ ਸੰਗ੍ਰਹਿ ਤੁਹਾਡੇ ਹੱਥਾਂ ਤੱਕ ਪਹੁੰਚ ਰਿਹਾ ਹੈ ਮੈਂ ਤੇ ਸਾਡਾ ਵੱਡਾ ਭਰਾ ਸੰਜੇ ਕੁਮਾਰ ਸੋਚ ਰਹੇ ਹਾਂ ਕਿ ਸਾਡੇ ਮਾਪਿਆਂ ਨੇ ਸਾਡੀ ਤਰੱਕੀ ਲਈ ਜੋ ਸੁਪਨੇ ਦੇਖੇ ਸਨ ਅਰਵਿੰਦ ਦੇ ਇਸ ਸੰਗ੍ਰਹਿ ਨਾਲ ਉਹਨਾਂ ਸੁਪਨਿਆਂ ਦੀ ਤਮੀਰ ਹੋਣੀ ਸ਼ੁਰੂ ਹੋ ਗਈ ਹੈ ਤੇ ਸਾਨੂੰ ਅੰਤਾਂ ਦੀ ਖੁਸ਼ੀ ਮਹਿਸੂਸ ਹੋ ਰਹੀਂ ਹੈ।

ਪਰਮਾਤਮਾ ਇਸ ਦੀ ਕਲਮ ਨੂੰ ਹੋਰ ਬੁੰਲਦੀ ਬਖ਼ਸ਼ੇ।

**ਅਰਜਨ ਕੁਮਾਰ (ਛੋਟਾ ਭਰਾ)**
9872125636

# ਸੱਚ ਬਿਆਨ ਕਰਨ ਵਾਲਾ ਸ਼ਇਰ-ਅਰਵਿੰਦ

ਅਰਵਿੰਦ ਆਉਂਣ ਵਾਲੇ ਸਮੇਂ ਦਾ ਉਹ ਸ਼ਾਇਰ ਹੈ, ਜਿਸਨੇ ਆਪਣੀ ਸ਼ਾਇਰੀ ਨਾਲ ਇਕ ਉੱਚੀ ਤੇ ਸੁੱਚੀ ਉਡਾਰੀ ਮਾਰਨੀ ਹੈ। ਉਸਨੇ ਆਪਣੀ ਕਵਿਤਾ ਵਿਚ ਸਮਾਜ ਦੀ ਹਰ ਇਕ ਸਮੱਸਿਆ ਨੂੰ ਛੂਹਣ ਦੀ ਕੋਸ਼ਿਸ਼ ਕੀਤੀ ਹੈ ਅਤੇ ਸਮਾਜਿਕ ਕੁਰੀਤੀਆਂ ਤੇ ਬੜੀ ਨਿਰਡਰਤਾ ਨਾਲ ਚੋਟ ਲਾਈ ਹੈ। ਉਸ ਦੀਆਂ ਰਚਨਾਵਾਂ ਵਿਚ ਸਮੁੰਦਰ ਦੀ ਗਹਿਰਾਈ, ਅਸਮਾਨ ਦੀ ਉਚਾਈ ਹੈ। ਮੈਨੂੰ ਪੂਰੀ ਆਸ ਹੈ ਕਿ ਅਰਵਿੰਦ ਆਉਂਣ ਵਾਲੇ ਸਮੇਂ ਦਾ ਸਿਰ ਕੱਢ ਅਤੇ ਸੱਚ ਬਿਆਨ ਕਰਨ ਵਾਲਾ ਸ਼ਇਰ ਹੋਵੇਗਾ। ਪਰਮਾਤਮਾਂ ਇਸ ਦੀ ਕਲਮ ਨੂੰ ਹੋਰ ਸਿਆਣਪ ਬਖ਼ਸ਼ੇ ।

**ਸ਼ਸ਼ੀਪਾਲ**

## ਗਰਭਪਾਤ

ਜ਼ਿੰਦਗੀ ਦੀ ਤਲੀ ਤੋਂ
ਜ਼ਮੀਨ ਤੇ ਸੁੱਟਿਆ ਤੰਬਾਕੂ ਤੇ
ਸੁਲਗਦੇ ਹੋਏ ਸਿਗਰਟ ਤੋ
ਉਂਗਲ ਨਾਲ ਝਾੜੀ ਰਾਖ ਵਾਂਗ
ਵਕਤ ਨੇ ਨਾਜਾਇਜ਼ ਜਾਣ ਕੇ
ਮੇਰਾ ਗਰਭਪਾਤ ਕਰ ਦਿੱਤਾ ਹੈ।

ਸੋਗ ਸਭਾ ਵਿਚ ਬੈਠੇ ਵੀਰੋ!
ਮੇਰਾ ਜਿਕਰ ਨਾ ਕਰਨਾ
ਮੈਂ ਅੱਜ ਕਲ ਕਿਤੇ ਨਹੀ ਹੁੰਦੀ।

ਮੈ ਜ਼ਿੰਦਗੀ ਦੀ ਕਲਾਸ ਚੋਂ
ਬਾਹਰ ਕੱਢ ਦਿੱਤੀ ਗਈ
ਇਕ ਨਾਲਾਇਕ ਵਿਦਿਆਰਥਣ ਹਾਂ
ਹਾਲਾਤਾਂ ਨੇ ਮੈਨੂੰ ਪਾੜ ਕੇ
ਦਫ਼ਤਰ ਦੇ ਡਸਟਬੀਨ ਵਿਚ
ਸੁੱਟ ਦਿੱਤਾ।

ਸਬਕ........?
ਸਬਕ ਮੇਰੇ ਲਈ
ਮੇਰੀ ਅਣਜੰਮੀ ਮਾਂ ਵਾਂਗ ਹੈ
ਜਿਸ ਦੀਆ ਅੱਖਾਂ ਦੇ ਅਸੀ
ਹਾਣੀ ਨਹੀਂ
ਜੋ ਬਲੈਕ ਬੋਰਡ ਤੇ
ਅਣ-ਸੁਝਲੇ ਸਮੀਕਰਨਾਂ ਵਾਂਗ
ਮੇਰੇ ਸਮਝ ਵਿੱਚ ਨਹੀ ਆਉਂਦੀ
ਜਿਸਨੂੰ ਮੈ ਵਾਰ ਵਾਰ



ਉਦਾਹਰਨਾ ਤੇ ਫਾਰਮੂਲਿਆਂ ਵਾਂਗ
ਸਮਝਣ ਦੀ ਕੌਸ਼ਿਸ਼ ਕੀਤੀ ਹੈ।

ਅਸਲ 'ਚ ਵੀਰੋ
ਉਹ ਮੈਨੂੰ ਧਮਾਕੇ ਤੇ ਭੁਚਾਲ ਤੋਂ
ਬਾਅਦ
ਖਿਲਰੀ ਹੋਈ ਇਮਾਰਤ ਦਾ
ਮਲਬਾ ਸਮਝਦੀ ਹੈ
ਮੈ ਤਾਂ ਮਮਤਾ ਦੀ ਕੰਧ ਤੋਂ
ਬਿੰਨ ਪੜ੍ਹਿਆ
ਪਾੜ੍ਹਿਆ ਇਸ਼ਤਿਹਾਰ ਹਾਂ।

ਦੰਗਿਆਂ ਤੋਂ ਬਾਅਦ
ਲੁੱਟੀ ਇੱਜ਼ਤ ਦਾ ਰੌਲਾ
ਸੜੀ ਹੋਈ ਝੁੱਗੀ
ਟੁੱਟੀ ਕਿਰਪਾਨ ਤੇ
ਬੁੱਝੇ ਹੋਏ ਮਿਸ਼ਾਲ ਨੂੰ
ਰੂਹ ਨਾਲ ਤੱਕਿਆ ਤਾਂ
ਪਤਾ ਲਗਾ
ਭਾਵੇਂ ਅਸੀਂ ਸਮਾਜ ਲਈ
ਵੀਰ ਜੰਮਦੇ ਰਹੀਏ
ਪਰ ਸਾਡੀ ਹਭੂੰਆਂ ਨਾਲ
ਸਲਾਬੀ ਜ਼ਿੰਦਗੀ ਦੀ
ਸਹੀ ਕੀਮਤ ਨਹੀ ਪੈਣੀ
ਕਿਸੇ ਵੀ ਦਰ ਤੇ
ਕਿਸੇ ਵੀ ਮੰਡੀ ਵਿੱਚ
ਸਾਡੇ ਉਮੀਦਾਂ ਦੇ
ਗੁੰਮਰਾਹ ਜਹਾਜ਼
ਜੋ ਅਸਲ 'ਚ
ਕ੍ਰਾਂਤੀ

ਲਿਆਉਣਾ ਲੋਚਦੇ ਹਨ
ਕਦੀ ਵਰਲਡ ਟ੍ਰੇਡ
ਸੈਂਟਰ ਨਾਲ ਟਕਰਾ ਜਾਂਦੇ ਨੇ
ਤੇ ਕਦੀ
ਸੰਸਦ ਦੇ ਵਿਹੜੇ ਆ ਜਾਂਦੇ ਹਨ।

ਜਿੰਨ੍ਹਾਂ ਦੀਆ ਮਾਵਾਂ ਗਰਭਪਾਤ
ਨਹੀਂ ਕਰਵਾਉਂਦੀਆਂ
ਤੇ ਜੋ ਨਿੱਤ
ਸੜਕਾਂ, ਬੱਸ ਅੱਡਿਆ ਤੇ
ਸਿਰਾਂ ਤੋਂ ਚੁੰਨੀਆ ਖਿਚਦੇ ਹਨ
ਤੇ
ਇੱਕ ਮਮਤਾ ਦੇ ਫੁੱਲ ਨੂੰ
ਪੱਤੀ ਪੱਤੀ ਕਰ ਕੇ
ਝੜਨ ਲਈ ਛੱਡ ਦਿੰਦੇ ਹਨ
ਅਸਲ 'ਚ ਵੀਰੋ
ਇਹ ਉਨਾਂ ਦੇ ਪਾਲੇ ਲੋਕ ਨੇ
ਜੋ ਨਿੱਕੀ ਜਹੀ ਗੱਲ ਪਿੱਛੇ
ਰੱਬ ਨੂੰ ਲਹੂ ਲੁਹਾਨ
ਕਰ ਦਿੰਦੇ ਨੇ ।

✰✰✰✰✰



# ਸਿੰਬਲ

ਫੇਅਰ ਐਂਡ ਲਵਲੀ ਚਿਹਰੇ ਉੱਪਰ
ਡਿੱਗਦਾ ਧੂੰਆਂ
ਸਨਸਿਲਕ ਕੀਤੇ ਵਾਲਾ ਵਿੱਚ ਪੈਂਦੀ
ਸੜਕ ਦੀ ਮਿੱਟੀ
ਹੱਥ 'ਚ ਫੜੀ ਮੋਬਾਇਲ ਤੇ
ਆਉਂਦੇ ਮੈਸਜ਼
ਸੂਰਜ ਦੀ ਤਪਸ਼ ਨਾਲ
ਝੁਲਸਦੀ ਗੋਰੀ ਚਮੜੀ ਦਾ
ਤੈਨੂੰ ਇੰਨਾ ਖਿਆਲ ਕਿਉਂ ਹੈ?

ਤੂੰ ਦੁੱਪਟੇ ਸੰਗ
ਆਪ 'ਚ ਕਿਉਂ
ਸੁੰਗੜਦੀ ਜਾਂਦੀ ਏਂ ?
ਤੇਰੇ ਬੁਲ ਕਿਸ ਭੈਅ ਕਾਰਨ
ਕੰਬ ਰਹੇ ਹਨ....?

ਤੇਰੇ ਪੇਰਾਂ 'ਚ
ਇਨਾਂ ਕਾਹਲ ਪਨ
ਕਿਉਂ.....?

ਚਿੱਟੇ ਦਿਨ ਤੇਰੀਆਂ ਅੱਖਾਂ 'ਚ
ਇਹ ਹਨੇਰਾ ਕਿੱਥੋਂ ਉੱਤਰ ਆਇਆ ਹੈ....?

ਜ਼ਮਾਨੇ ਦੀ ਮੰਗ ਹੈ
ਫੈਸ਼ਨ ਦੇ ਨਾਂ ਤੇਂ
ਤੂੰ ਆਪਣੀ ਕੁਆਰੀ ਸੋਚ ਨੂੰ
ਕਿਉਂ ਜ਼ਿਬਾਹ ਕਰ ਰਹੀ ਏਂ...?
ਮਨ ਦੀ ਭਟਕਨ!

ਸੋਚ ਦੀ ਦਿਸ਼ਾ ਹੀਨਤਾ....
ਪੈਰਾਂ ਦੇ ਕਾਹਲਪਨ ਤੇ...
ਕਾਬੂ ਪਾ
ਤੂੰ ਇਸ ਅੰਧੁ ਕੂਪ ਤੋਂ ਬਾਹਰ ਆ ਕੇ
ਸਮੇਂ ਦੇ ਸੂਰਜਾਂ ਨਾਲ
ਅੱਖਾਂ ਮਿਲਾ.........

ਸ਼ੋਹਰਤ ਤੇ ਪੈਸੇ ਖ਼ਾਤਿਰ
ਕੈਮਰੇ ਮੂਹਰੇ ਲੇਟ ਆਣਾ
ਸੁਰਖ਼ ਬੁਲ੍ਹਾਂ ਉੱਪਰ
ਸੌਸ ਲਗਾਕੇ
ਉਂਗਲੀ ਫੇਰਨੀ
ਗੋਰੀ ਨਾਭੀ ਤੇ
ਕਾਲੇ ਅੰਗੂਰ ਜਾਂ
ਕੱਟਿਆ ਸੇਬ ਰਗੜਨਾ
ਸੌਖਾ ਤਾਂ ਹੈ
ਪਰ ਕੀ ਤੂੰ!
ਅਜਿਹਾ ਕਰਨ ਨਾਲ
ਵੇਸਵਾ ਪੂਣੇ ਦਾ
ਸਿੰਬਲ ਬਣਕੇ
ਨਹੀਂ ਰਹਿ ਜਾਵੇਂਗੀ ?

ਪਿੰਡ ਦੀ ਫਿਰਨੀ ਹੋਵੇ
ਜਾਂ ਮਹਾਂਨਗਰਾਂ ਦੀਆਂ
ਉੱਚੀਆਂ ਤੇ ਰੋਸ਼ਨ
ਇਮਾਰਤਾਂ ਦੇ ਬੈਡ ਰੂਮ ਹੋਣ
ਇੱਜ਼ਤ ਗੁਆ ਕੇ ਪਰਤਣਾ
ਕੋਈ ਮਾਣ ਵਾਲੀ ਗੱਲ ਨਹੀਂ ਹੁੰਦੀ
ਪਰ ਤੇਰੇ ਲਈ ਇਹ ਇੰਨਾ
ਸੌਖਾ ਤੇ ਸੁਖਾਵਾਂ ਕਿਵੇਂ ਹੋ ਗਿਆ ?

✰✰✰✰✰



# ਇਨਸਾਫ਼

ਬੇ ਕਸੂਰ ਹੁੰਦੇ ਹੋਏ ਵੀ
ਮੂੰਹ ਪਾੜਕੇ
ਜੀਭ ਤੇ ਉੱਗਾ ਦਿੱਤਾ ਜਾਂਦਾ ਹੈ
ਲਾਠੀਆਂ ਦਾ ਜੰਗਲ
ਜਗਦੇ ਬਲਬ ਹੇਠ
ਬੰਦ ਇੰਟੈਰੋਗੇਸ਼ਨ ਰੂਮ ਵਿੱਚ
ਥਰਡ ਡੀਗਰੀ ਨੂੰ ਸਹਿਕੇ
ਚੁੱਪ ਰਹਿਣਾ ਸਾਡਾ ਫਰਜ਼ ਨਹੀਂ ਬਣਦਾ
ਜੇਲ੍ਹਾਂ ਵਿੱਚ ਕੈਦ ਅਸੀਂ ਜਾਣਦੇ ਹਾਂ
ਤੇਰਾ ਅਤੇ ਤੇਰੇ
ਹੱਥ ਕੰਡਿਆਂ ਦਾ ਇਨਸਾਫ਼।

✰✰✰✰✰

# ਅੱਗ ਦੇ ਹਸਤਾਖ਼ਰ

ਜ਼ਿੰਦਗੀ ਕਿਤੇ ਵੀ ਸੁੱਰਖਿਅਤ ਨਹੀਂ
ਕਿਉਂਕਿ ਅਸੀਂ ਜਿਸ ਵੀਮਾਨ ਦੀ
ਕੁਰਸੀ ਤੇ ਬੈਲਟ ਲਾ
ਬੈਠੇ ਹਾਂ।

ਉਹ ਵੀਮਾਨ .......
ਅੱਗ ਦੇ ਸਹਾਰੇ
ਉੱਡਦਾ ਹੈ
ਤੇ ਅਸੀਂ ਜਾਣਦੇ ਹਾਂ
ਅੱਗ ਨੂੰ ਜਦ ਵੀ ਮੌਕਾ
ਮਿਲਿਆ ਹੈ ਉਸ ਨੇ
ਜ਼ਿੰਦਗੀ ਦੀ ਚਿਹਰੇ ਤੇ
ਆਪਣੇ ਹਸਤਾਖ਼ਰ ਕੀਤੇ ਨੇ।

✰✰✰✰✰

## ਕੰਕਰੀਟ ਦੀਆਂ ਚੋਂਦੀਆਂ ਛੱਤਾਂ

ਅਸੀਂ ਆਪਣੇ ਮਾਪਿਆਂ ਦੇ ਸੁਪਨਿਆਂ
ਦੀਆਂ ਕੰਕਰੀਟ ਦੀਆਂ ਚੋਂਦੀਆਂ ਛੱਤਾਂ ਹਾਂ
ਸਾਡੀਆਂ ਜੇਬਾਂ ਵਿੱਚ ਫੂਕੀਆਂ ਸਿਗਟਰਾਂ ਦੇ
ਬੁੱਝਾ ਕੇ ਰੱਖੇ ਟੋਟੇ ਤੇ
ਸੁੱਕੇ ਹੋਏ ਚੂਨੇ ਦੀ ਡੱਬੀ ਤੋਂ
ਸਿਵਾ ਹੋਰ ਕੁਝ ਵੀ ਨਹੀਂ......

ਅੱਤਵਾਦ ਦੀ ਤਲੀ ਤੇ
ਜਿਉਂਦੇ ਮੇਰੇ ਭਾਰਤ
ਅਸੀਂ ਤੇਰੇ ਤੋਂ ਇਹ ਨਹੀਂ ਪੁੱਛਾਂਗੇ
ਤੂੰ ਸਾਡੇ ਲਈ ਕੀ ਕੀਤਾ ਹੈ
ਕਿਉਂਕਿ ਸਾਨੂੰ ਪਤਾ ਹੈ
ਤੇਰੀ ਮਰਜ਼ੀ ਤੋਂ ਬਗੈਰ
ਕੋਕੀਨ ਤੇ ਬਰਾਂਊਨ ਸ਼ੂਗਰ ਦੇ
ਇਹ ਸਟਾਕ
ਸਾਡੇ ਵਿਹੜਿਆਂ ਤੱਕ
ਲਾਲ ਬੱਤੀ ਵਾਲਿਆਂ ਨਾਲ
ਸ਼ੇਰਾ ਵਾਂਗ ਗਰਜ਼ਦੇ ਆਉਂਦੇ ਹਨ।

ਏਹ ਦੇਸ਼ ਭਗਤਾਂ ਦਾ ਟੋਲਾ
ਬਿੱਲੀਆਂ ਕੁੱਤਿਆਂ ਦੀ ਮੌਤੇ ਨਹੀਂ ਮਰਦਾ
ਇਹ ਮੈਨ ਫਲੂਹ
ਜੋ ਸਕੂਲਾਂ ਕਾਲਜਾਂ ਦੀਆਂ
ਫੱਟੀਆਂ ਕਿਤਾਬਾਂ ਉੱਤੋਂ ਦੀ
ਸਾਡੇ ਖੇਤਾਂ ਵਿਚ
ਖਾਦ ਤੇ ਕਰਜ਼ੇ ਸਹਾਰੇ ਖੜੀਆਂ ਫ਼ਸਲਾਂ ਤੱਕ
ਫੈਲ ਗਿਆ ਹੈ
ਇਸ ਵਿੱਚ ਕਸੂਰ ਉਨ੍ਹਾਂ ਥਾਵਾਂ ਦਾ ਨਹੀਂ ਹੈ



ਜਿੱਥੇ ਨਸ਼ਾ ਸਬਜ਼ੀਆਂ ਵਾਂਗ ਉਗਾਇਆ
ਤੇ ਵੇਚਿਆ ਜਾਂਦਾ ਹੈ
ਬਲਕਿ
ਬਿੰਨ ਦਿਮਾਗ਼ ਦੇ ਉਨਾਂ ਸਿਰਾਂ ਦਾ ਹੈ
ਜੋ ਤਿੱਤਲੀਆਂ ਨੂੰ ਧਾਗਿਆਂ 'ਚ ਪਰੋ ਕੇ
ਹੱਸਦੇ ਹਨ ਤੇ
ਮੂੰਹੋ ਦਾਰੂ ਤੇ ਮੀਟ ਦੀ ਗੰਦੀ
ਹਵਾੜ ਛੱਡਦੇ ਹਨ।

ਇਹ ਸਮਾਜ ਵਿੱਚ
ਸਮਾਜ ਸੇਵਾ ਦੇ ਨਾਮ ਤੇ ਖੜੇ ਪਰਾਲੀ ਦੇ ਡਰਨੇ
ਜੋ ਆਪਣੇ ਆਪ ਨੂੰ
ਗੌਤਮ ਦੇ ਚੇਲੇ ਸਮਝਦੇ ਹਨ ਨੂੰ ਸਮਝਓ
ਇਹ ਸਾਡੀ ਜ਼ਿਦਗੀ ਦਾ ਸਵਾਲ ਹੈ
ਇੱਥੇ ਐਕਸ ਬਰਾਬਰ ਵਾਈ ਤੇ
ਵਾਈ ਬਰਾਬਰ ਜੈਡ ਨਹੀਂ ਹੁੰਦਾ
ਇਹ ਅਲਜ਼ਰਬਰੇ ਦੇ ਫਾਰਮੂਲਿਆਂ ਵਿੱਚ
ਗੁਆਚੇ ਹਨ ਜਦ ਕਿ ਸ਼ੇਅਰ ਬਾਜ਼ਾਰ ਵਿੱਚ
ਡਿੱਗਦੀਆਂ ਕੀਮਤਾਂ ਵਾਂਗ
ਸਾਡੀ ਜ਼ਿੰਦਗੀ ਦਾ ਮੁੱਲ ਧਨ ਹੀ
ਘਟਦਾ ਜਾ ਰਿਹਾ ਹੈ।

ਅਸੀਂ ਚਾਹਕੇ ਵੀ ਨਾਲ ਖੜ੍ਹੀਆਂ ਸੰਖਿਆਵਾਂ ਤੋਂ
ਹਾਂਸਲ ਨਹੀਂ ਲੈ ਸਕਦੇ
ਰੈਲੀਆਂ ਕੱਢਣ
ਟਰੇਨਾਂ ਰੋਕਣ ਤੇ
ਸੰਸਦ ਮੋਹਰੇ ਬੈਠ ਧਰਨੇ ਦੇਣ ਨਾਲ
ਸਾਡੀਆਂ ਬਾਂਵ੍ਹਾਂ ਤੇ ਪਏ ਟੀਕਿਆਂ ਦੇ
ਨਿਸ਼ਾਨ ਨਹੀਂ ਜਾਣੇ
ਕਿਉਂਕਿ
ਸਾਡੇ ਜਿਹਨ ਦੀਆਂ ਨਾੜੀਆਂ ਵਿੱਚ

ਭਰ ਦਿੱਤਾ ਗਿਆ ਹੈ
ਡਰੱਗਸ ਭਰੀਆਂ ਸੂਈਆਂ ਦਾ ਜ਼ਹਿਰ
ਅਸੀਂ ਫੜੇ ਗਏ ਹਾਂ
ਡੋਡਿਆਂ ਦੀਆਂ ਬੋਰੀਆਂ ਤੇ
ਡਰੱਗਸ ਦੇ ਖਾਲ਼ੀ ਲਿਫ਼ਾਫਿਆਂ ਸੰਗ
ਬਾਕੀ ਜੋ ਕੁਝ ਛਾਪਿਆ ਗਿਆ ਹੈ
ਪੁਲਿਸ ਦੁਆਰਾ ਲਿਖੀ ਗਈ
ਝੂਠੀ ਰਿਪੋਰਟ ਹੈ।

ਕੱਰਪਸ਼ਨ ਦੀ ਅੱਗ ਵਿੱਚ
ਸੜਦੇ ਮੇਰੇ ਦੇਸ਼!
ਕਾਸ਼ ਤੂੰ......
ਸਾਡੇ ਅਸਮਾਨ ਦੀਆਂ ਤੈਹਾਂ 'ਚ
ਪਰਵਾਜ਼ ਭਰਦੇ ਸੁਪਨਿਆਂ ਨੂੰ ਦੇਖਿਆਂ ਹੁੰਦਾ
ਜੋ ਸਾਡੀਆਂ ਅੱਖਾਂ ਵਿੱਚ ਦਮ ਤੋੜ ਗਏ ਹਨ
ਤੇ ਅਸੀਂ
ਗੱਟਰਾਂ ਦੇ ਢੱਕਣ ਨਹੀਂ ਚੁੱਕਦੇ
ਗੁਰਦੁਆਰਿਆਂ ਤੇ ਚੱਲਦੀਆਂ ਟੂੱਟੀਆਂ ਨਹੀਂ ਖੋਲ੍ਹਦੇ
ਟੁੱਲੂ ਪੰਪ ਦੇ ਚੋਰ ਨਹੀਂ ਅਖਵਾਉਂਦੇ।

ਗੱਲ ਕੁਝ ਵੀ ਨਹੀਂ
ਅਸੀਂ ਤੈਨੂੰ ਤੇ ਤੇਰੇ ਗੀਤਾ-ਗ੍ਰੰਥਾਂ ਨੂੰ
ਮਜ਼ਹਬਾਂ ਦੇ ਠੇਕੇਦਾਰਾਂ ਸੰਗ
ਉੱਥੇ ਦੱਬ ਆਉਂਣਾ ਚਾਹੁੰਦੇ ਹਾਂ
ਜਿੱਥੇ ਗੱਭਰੂਆਂ ਦੀਆਂ ਲਾਸ਼ਾ
ਮਰੇ ਪਸ਼ੂਆਂ ਵਾਂਗ
ਬਿੰਨ ਸੰਸਕਾਰ ਦੇ
ਸੁੱਟ ਦਿੱਤੀਆਂ ਜਾਂਦੀਆਂ ਹਨ ।

✡✡✡✡✡



# ਓ ! ਦੇਵਤਿਓ

ਸਵਰਗਾਂ ਨੂੰ ਛੱਡ
ਕਦੀ ਧਰਤੀ ਤੇ ਆਓ
ਓ ਇਸ ਦੁਨਿਆਂ ਦੇ
ਦੇਵਤਿਓ!
ਭੁੱਲ ਗਏ ਹਾਂ ਗਾਉਣਾ
ਗੀਤ ਜ਼ਿੰਦਗੀ ਦਾ
ਆਪਣੀ ਦੁਨੀਆਂ ਦੇ
ਕੁੱਝ ਗੀਤ ਸੁਣਾਓ।

ਸੂਰਜ ਸਾਰੇ ਬੁਝ ਗਏ ਨੇ
ਹਨੇਰੇ ਦਾ ਪਲੜਾ ਭਾਰੀ ਹੈ
ਆਪਣੇ ਚਮਕ ਦੇ ਚਿਹਰਿਆਂ ਤੋਂ
ਇਸ ਨੂੰ ਰੁਸ਼ਨਾਓ।

ਉਸ ਨੇ ਜਿਸਮ ਘੜ ਦਿੱਤੇ
ਵਿੱਚ ਜਾਨ ਵੀ ਪਾ ਦਿੱਤੀ ਹੈ
ਇੰਨਾਂ ਭੱਜਦੇ ਪੁਤਲਿਆਂ ਨੂੰ
ਹੁਣ ਤਾਂ ਜਿਉਣਾ ਸਿਖਾਓ।

ਜਿੱਤਾਂ ਦੇ ਦੋਰ ਚੱਲ ਪਏ
ਹਾਰਾਂ ਦੇ ਦੋਰ ਚੱਲ ਪਏ
ਇੱਥੇ ਤਾਂ ਬੱਸ ਦੋਸਤੋ
ਹਥਿਆਰਾਂ ਦੌਰ ਦੇ ਚੱਲ ਪਏ
ਇੱਥੇ ਭਟਕੇ ਹੋਏ
ਮੁਸਾਫਿਰਾਂ ਨੂੰ ਰਸਤਾ ਦਿਖਾਓ।

ਭਿਆਨਕ ਹਾਸੇ ਹਸਦੀ ਹੈ
ਮੌਤ ਘਰ-ਘਰ ਨੱਚਦੀ ਹੈ
ਹੁਣ ਤਾਂ ਇਨਾਂ ਦਾਨਵਾਂ ਨੂੰ
ਤੁਸੀਂ ਨੱਥ ਆ ਕੇ ਪਾਓ।

✡✡✡✡✡

# ਝੁਲਸੇ ਚਿਹਰੇ

ਲੰਡਨ ਸ਼ਹਿਰ ਹੋਵੇ,
ਦਿੱਲੀ ਦਾ ਕੋਈ ਬਜ਼ਾਰ ਹੋਵੇ
ਜਾਂ ਫਿਰ
ਸਮਝੌਤਾ ਐਕਸ ਪ੍ਰੈਸ
ਧਮਾਕਾ
ਕਿਤੇ ਵੀ ਹੋ ਸਕਦਾ ਹੈ।
ਤੇ ਖੋਹ ਸਕਦਾ ਹੈ
ਕਿਸੇ ਨੂੰ ਕਿਸੇ ਕੋਲੋਂ
ਤੂੰ ਕਿਉਂ ਨਹੀਂ ਪਰਤ ਆਉਂਦੀ
ਦੰਗਿਆਂ ਦੀ ਹਾਹਾ ਕਾਰ ਤੋਂ ਬਾਅਦ
ਘਰ ਤੋਂ ਨਿਕਲੇ......
ਸਹਿਮੇਂ ਸਹਿਮੇਂ ਕਦਮਾ ਵਾਂਗ!
ਤੇਰੇ ਝਾਂਜਰ ਦੇ ਬੋਲਾਂ ਤੱਕ
ਪਹੁੰਚਣ ਲਈ ਮੈਨੂੰ ਹਰ ਵਾਰ
ਉਮਰ ਕੈਦ ਕਿਉਂ ਹੰਢਾਉਣੀ
ਪੈਂਦੀ ਹੈ ।
ਜ਼ਿਹਾਦ ਦੇ ਨਾਮ ਤੇ
ਕਦੀ ਅੱਤਵਾਦ ਦੇ ਨਾਮ ਤੇ
ਜ਼ਿੰਦਗੀਆਂ ਵਿੱਰੁਧ ਛੇੜੀ ਗਈ
ਜੰਗ ਦਾ
ਮੈਂ ਕਿਸੇ ਵੀ ਸਮੇਂ
ਤੇ ਕਿਤੇ ਵੀ ਸ਼ਿਕਾਰ ਹੋ ਸਕਦਾ ਹਾਂ
ਤੇਰੀ ਜੁਦਾਈ ਦੇ ਦਰਦ
ਮੇਰੇ ਸ਼ਹਿਰ ਨੂੰ ਨਿੱਤ ਮਿਲਦੇ
ਧਮਾਕਿਆਂ ਦੇ ਨਿਸ਼ਾਨ



ਫਟੜ ਸਰੀਰ
ਵਿਲਕਦੇ ਬਚਿਆਂ ਦੇ
ਝੁਲਸੇ ਚਿਹਰੇ
ਤਹਿਕੀਕਾਤ ਦੇ ਜਾਲ ਵਿਚ
ਉਲਝੀ ਵਿਵਸਥਾ ਨੇ
ਮੈਨੂੰ ਉਹ ਮੁੰਡਾ ਨਹੀਂ ਰਹਿਣ ਦਿੱਤਾ
ਜੋ ਸਫ਼ੈਦਿਆਂ ਪਿੱਛੋਂ
ਤੈਨੂੰ ਸਬਕ ਯਾਦ ਕਰਦੀ ਨੂੰ
ਦੇਖਿਆ ਕਰਦਾ ਸੀ।
ਤੂੰ ਕਿਉਂ ਨਹੀਂ ਪਰਤ ਆਉਂਦੀ.....?

✲✲✲✲✲

# ਪੀੜਾ ਦੇ ਕਾਫ਼ਲੇ

ਉਹ ਸਾਹਾਂ 'ਚ ਰਸੀ ਹੈ
ਮੈਂ ਦਿਲ ਬਣ ਧੜਕਦਾ
ਨੇ ਫਿਰ ਵੀ ਦੂਰੀਆਂ
ਨੇ ਫਿਰ ਵੀ ਫਾਸਲੇ।

ਉਹ ਫੁੱਲਾਂ ਤੇ ਹੱਸਦੀ
ਮੈਂ ਕੰਡਿਆਂ ਤੇ ਗਾਉਂਦਾ
ਸਾਡੀ ਮਹੱਬਤ ਦੇ ਨੇ ਬੱਸ
ਇਹੋ ਸਿਲਸਿਲੇ।

ਦਿਲਾਂ ਦੇ ਰਾਹੇ ਤੇ ਉਗੱਦੇ ਨੇ
ਬਿਰਹੋਂ ਦੇ ਬਿਰਖ
ਆਉਂਦੇ ਰਹਿਣਗੇ ਬੱਸ
ਪੀੜਾਂ ਦੇ ਕਾਫਲੇ !

✲✲✲✲✲

# ਦੋ ਮਿੰਟ ਸ਼ਰਧਾਜਲੀ

ਜਿੰਨ੍ਹਾਂ ਨੇ ਬਿਤਾਏ
ਕਈ ਸਾਲ
ਦਹਿਸ਼ਤ ਦੇ ਆਲਮ ਵਿਚ
ਉਨਾਂ ਨੂੰ ਦਿੱਤੀ ਗਈ ਹੈ
ਇਨਸਾਫ਼ ਦੇ ਨਾਮ ਤੇ
ਦੋ ਮਿੰਟ ਦੀ
ਸ਼ਰਧਾਜਲੀ.........
ਚਾਹ ਦੇ ਗਰਮ ਪਿਆਲੇ ਪੀ ਕੇ
ਉਠ ਗਏ..........
ਕਦੀ ਸੰਸਦ
ਕਦੀ ਅਕਸ਼ਰਧਾਮ
ਕਦੀ ਦਿੱਲੀ
ਕਦੀ ਮੁੰਬਈ ਨੂੰ ਲਥਪਥ ਛੱਡ ਕੇ
ਕਰਪਟ ਪੁਲਸੀਆਂ ਦੇ ਹੱਥਾਂ ਵਿੱਚ।

ਉਹ ਜਾਰੀ ਰੱਖਣਗੇ
ਆਪਣੀ ਘੁਸਪੈਠ
ਕਦੇ ਕਸ਼ਮੀਰ ਰਾਹੀਂ
ਕਦੇ ਜਪਾਨ ਰਾਹੀਂ
ਕਦੇ ਬੰਗਾਲ ਰਾਹੀਂ
ਤੇ ਕਰਦੇ ਰਹਿਣਗੇ
ਐਟਮੀ ਤਜ਼ਰਬਿਆਂ ਨਾਲ
ਮੇਰੇ ਸ਼ਹਿਰ ਤੇ
ਇਨਸਾਨਾਂ ਦਾ ਘਾਣ.........
ਸਾਡੇ ਸਿਪਾਹੀਆਂ ਦੀਆਂ ਨਜ਼ਰਾਂ
ਜੇਬਾਂ ਤੋ ਹਟਣਗੀਆਂ ਤਾਂ ਹੀ
ਸਟੇਸ਼ਨਾ ਮੰਦਰਾਂ ਮਸਜਿਦਾਂ ਤੇ
ਪਏ ਲਵਾਰਿਸ ਚੀਜ਼ਾ ਤੇ ਪੈਣਗੀਆਂ



ਇੰਨਾ ਦੇ ਚਾਹ ਪਾਣੀ ਨੇ ਪੂਰੇ ਮੁਲਕ ਨੂੰ
ਬਾਲਦਾ ਕਸ਼ਮੀਰ ਬਣਾ ਕੇ
ਰੱਖ ਦਿੱਤਾ ਹੈ।

ਟਰੇਨਾਂ ਦੇ ਉੱਡਦੇ ਚੀਥੜੇ
ਪਾਟੀਆ ਛੱਤਾ ਦੀਆਂ ਚਾਦਰਾਂ
ਸੜੀਆਂ ਸੀਟਾਂ ਸੜਦੇ ਜਿਸਮਾਂ
ਚੋਂ ਆਉਂਦੀ ਬਦ-ਬੋ
ਖ਼ੂਨ ਨਾਲ ਲਿਬੜੀਆਂ ਪਟੜੀਆਂ
ਕੁਝ ਚਿਰ ਪਿਛੋਂ ਭੁੱਲ ਜਾਏਗਾ
ਵਹਿਸ਼ਤ ਦਾ ਇਹ ਨੰਗਾ ਨਾਚ
ਸੰਸਦ ਮੁਹਰੇ ਖੜੇ ਗਨਮੈਂਨ ਨੂੰ
ਕੋਟ ਪੈਂਟ ਪਹਿਨੇ ਸੇਲਜ਼ ਮੈਨ ਨੂੰ
ਮੋਢਿਆਂ ਤੇ ਲਟਕਦੇ ਬੈਗ ਨੂੰ
ਦੌੜਦੀਆਂ ਬਸਾਂ ਵਿੱਚ ਖੜੀ ਭੀੜ ਨੂੰ
ਦਫਤਰਾਂ ਦੇ ਏ. ਸੀ. ਕਮਰੀਆਂ ਵਿੱਚ
ਅਪਾਉਟਮੇਟ ਤੇ ਮੋਟਰ ਸਾਇਕਲਾਂ ਤੇ
ਟੈਕਸੀਆਂ ਵਿੱਚ ਭਜਦੀ ਜਿੰਦਗੀ ਨੂੰ
ਬਾਪ ਆਪਣੇ ਬੇਟੇ ਦੀਆਂ
ਅਸਥੀਆਂ ਗੰਗਾ 'ਚ ਤਾਰ ਕੇ
ਵੀ ਨਹੀਂ ਤਾਰ ਸਕੇਗਾ
ਉਸਦੀਆਂ ਯਾਦਾਂ ਦੀਆਂ ਅਸਤੀਆਂ ਨੂੰ
ਮਾਂ ਦੇ ਵਗਦੇ ਹੰਝੂ ਨਹੀ ਰੁਕਣਗੇ
ਉਸ ਦੇ ਸਾਹਾਂ ਤੋਂ ਪਹਿਲਾਂ
ਤੇ ਜਿਸਮਾਂ ਤੇ ਪਏ ਜ਼ਖ਼ਮ ਤੇ
ਲੂਣ ਦਾ ਕੰਮ ਕਰਦੀ ਰਹੇਗੀ
ਸਰਕਾਰ ਦੀ ਅਨਾਉਂਸ ਕੀਤੀ ਰਕਮ।

ਚੁੱਕ ਚੁੱਕ ਬੰਦੂਕਾਂ ਆਉਂਣਗੇ
ਜਿਹਾਦ ਦਾ ਨਾਰਾ ਲਾਉਣਗੇ।
ਉਨਾਂ ਦਾ ਆਰ. ਡੀ. ਐਕਸ

ਉਡਾਦਾ ਰਹੇਗਾ ਸਾਡੀਆਂ ਜ਼ਿੰਦਗੀਆਂ ਦੇ ਤੂੰਬੇ
ਤੇ
ਫਿਰ ਤੋਂ ਅਸੀਂ ਜੀਵਾਂਗੇ
ਦਹਿਸ਼ਤ ਦੇ ਆਲਮ ਵਿੱਚ
ਸਾਡੀ ਮੌਤ ਤੇ ਪੀਤੀ ਜਾਏਗੀ
ਗਰਮ ਸਮੌਸਿਆਂ ਨਾਲ ਚਾਹ
ਤੇ ਇਨਸਾਫ਼ ਦੇ ਨਾਮ ਤੇ ਮਿਲੇਗੀ
ਦੋ ਮਿੰਟ ਦੀ ਸ਼ਰਧਾਜਲੀ।
ਕਿੰਨਾ ਬਕਵਾਸ ਲੱਗਦਾ ਹੈ
ਸਮਸ਼ਾਨ ਵਿੱਚ ਸੜਦੇ ਬੇ ਗੁਨਾਹ ਲੋਕਾਂ
ਦੀ ਆਤਮਿਕ ਸ਼ਾਤੀ ਲਈ
ਦੋ ਮਿੰਟ ਮੌਨ ਖੜੋ ਜਾਣਾ ?

✬✬✬✬✬

## ਸੋਚ

ਤੂੰ ਇਨਸਾਨ ਹੈ ਇਨਸਾਨਾਂ ਵਾਂਗੂ ਸੋਚ।
ਰੱਬ ਦੀ ਧਰਤੀ ਤੇ ਭਗਵਾਨਾਂ ਵਾਂਗੂ ਸੋਚ।

ਪਿਆਰ ਵੰਡ ਮਹਿਕਾਂ ਖਿਲਾਰ ਮੇਰੇ ਦੋਸਤਾਂ
ਦੁਨੀਆਂ ਤੇ ਆ ਕੇ ਨਾ ਕਿਰਪਾਨਾਂ ਵਾਂਗੂ ਸੋਚ।

ਦਿਮਾਗ਼ੀ ਧਰਤੀ ਤੇਰੀ ਕਿਉਂ ਬੰਜਰ ਹੋ ਗਈ
ਐ ਪਿਆਰ ਦੇ ਬੁਟੇ, ਨਾ ਸ਼ੈਤਾਨਾਂ ਵਾਂਗੂ ਸੋਚ।

ਵਜੂਦ ਕੁਝ ਵੀ ਨਹੀਂ ਇਨਸਾਨਾਂ ਇੱਥੇ ਤੇਰਾ
ਮੁਸਾਫ਼ਿਰ ਹੈ ਤੂੰ ਮਹਿਮਾਨਾਂ ਵਾਂਗੂ ਸੋਚ।

ਖੁਦ ਗਰਜ਼ੀ ਦੀ ਦਲਦਲ 'ਚ ਫਸ ਨਾ ਜਾਵੀਂ
ਧਰਤੀ ਤੇ ਰਹਿਕੇ ਅਸਮਾਨਾਂ ਵਾਂਗੂ ਸੋਚ।

✬✬✬✬✬



## ਤੂੰ ਹੀ ਤੂੰ

ਕੁਦਰਤੀ ਪੌਣਾਂ 'ਚ ਰਮੀ
ਹਵਾ ਦੇ ਬੁੱਲੇ ਤੈਨੂੰ ਚਾਹੁੰਦੇ ਨੇ।
ਮੀਂਹ ਵਰੇ ਤਾਂ ਸੋਚਾਂ
ਬੱਦਲ ਤੈਨੂੰ ਗਾਉਂਦੇ ਨੇ।

ਕੋਇਲ ਕੂਕੇ ਡਾਲ਼ੀ ਡਾਲ਼ੀ
ਮੋਰ ਪੈਲ਼ਾ ਪਾਉਂਦੇ ਨੇ।
ਜੱਦ ਵੀ ਤੇਰੇ ਹੁੰਦੇ ਦਰਸ਼ਨ
ਸਾਰੇ ਮਿਲ ਕੇ ਜ਼ਸ਼ਨ ਮਨਾਉਂਦੇ ਨੇ।

ਚੰਦ ਦੀ ਰਿਸ਼ਮ ਸ਼ਰਮਾ ਜਾਂਦੀ
ਪੂਨਮ ਦੀ ਸੁਨਿਹਰੀ ਰਾਤ ਨੂੰ
ਫੁੱਲਾਂ ਜਿਹੇ ਸੂਹੇ ਮੁਖ ਵਾਲੇ
ਜਦੋਂ ਸਾਜਨ ਮੇਰੇ ਆਉਂਦੇ ਨੇ।

ਕੁਦਰਤ ਵੀ ਸੁਰੀਲੀ ਲੱਗਦੀ ਏ
ਝੂਮ ਰਹੇ ਰੰਗ-ਬਰੰਗੇ ਮੌਸਮ
ਤੂੰ ਹੀ ਤੂੰ ਕਣ ਕਣ 'ਚ ਵੱਸਦੀ
ਏਸ ਹੀ ਏਸ ਦਰਸਾਉਂਦੇ ਨੇ।

✬✬✬✬✬

# ਪਾਕ- ਮੁਹੱਬਤ !

ਮੈਨੂੰ ਅਜ ਵੀ ਯਾਦ ਨੇ
ਉਹ ਦਿਨ!
ਜਦ ਮੈ ਤੇਰੇ ਸਵਰਗੀ ਕਲਾਵੇ ਵਿੱਚ
ਆ ਡਿੱਗਦਾ ਸਾਂ
ਤੂੰ ਇਸ ਨਾਦਾਨ ਆਸ਼ਿਕ ਨੂੰ
ਸੀਨੇ ਲਾ ਕੇ ਆਪਣੀ ਜਾਨ ਹੋਣ ਦਾ
ਦਾਅਵਾ ਕਰਦੀ ਤੇ ਕਹਿੰਦੀ
ਕੀ ਹੋਇਆਂ ਜੇ ਅਸੀਂ
ਮਾਰੂਥਲ ਦੀ ਰੇਤ ਵਿੱਚ
ਮੁੱਹਬਤ ਦਾ ਗੁਲਾਬ ਬੀਜਿਆਂ ਹੈ
ਇਸਦਾ ਪਾਲਣ-ਪੋਸ਼ਣ ਕਰਗੇਂ।

ਮੈਂ ਕਿਹਾ ਕਰਦਾ ਸੀ
ਮਾਰੂਥਲ ਦੀ ਗਰਮ ਹਵਾ
ਤੇ ਤੱਪਦੀ ਰੇਤ ਵਿੱਚ ਕਦੇ
ਮੁਹੱਬਤ ਦੇ ਬਾਗ਼
ਵਧਿਆ-ਫੁਲਿਆ ਨਹੀਂ ਕਰਦੇ
ਤੇ ਮੇਰੀ ਗੱਲ ਸੁਣ ਕੇ ਤੇਰਾ ਰੋ ਦੇਣਾ
ਮੈਨੂੰ ਅਜੇ ਵੀ ਯਾਦ ਹੈ।

ਮੈਨੂੰ ਅਜੇ ਵੀ ਯਾਦ ਨੇ
ਤੇਰੇ ਉਹ ਬੋਲ!
ਖ਼ਬਰਦਾਰ ਜੇ ਅਜਿਹੀ ਗੱਲ ਕਹੀ...
ਮੈਂ ਇਹ ਨਹੀਂ ਜਾਣਦਾ ਸੀ ਕਿ
ਮੇਰੇ ਕਹੇ ਲਫ਼ਜ ਇਨਬਿਨ
ਸੱਚ ਹੋ ਜਾਣਗੇ
ਕਿਸੇ ਫ਼ੱਕਰ ਦੇ ਕਹੇ ਲਫਜ਼ਾਂ ਵਾਂਗ!



ਮੈਨੂੰ ਅੱਜ ਲੱਗਦਾ ਹੈ ਜਿਵੇਂ
ਮੈਂ ਹੀ
ਆਪਣੀ ਪਾਕ-ਮੁਹੱਬਤ ਦਾ
ਕਾਤਿਲ ਹਾਂ!
ਕਤਰਾ ਕਤਰਾ ਟੁਕੜਿਆਂ 'ਚ
ਕੱਚ ਵਾਂਗ ਟੁੱਟੀ ਹੋਈ ਮੁਹੱਬਤ
ਜੋ ਹੁਣ ਕਦੇ ਵੀ ਜੁੜ ਨਹੀਂ ਸਕਦੀ।

ਸੱਚ ਜਾਣੀ ਮੈਨੂੰ ਅੱਜ
ਅਹਿਸਾਸ ਹੋਇਆ ਕਿ
ਤੂੰ ਮੇਰੇ ਗੀਤਾਂ ਦੀ ਰਾਣੀ
ਸੰਵੇਦਨਾਂ ਦੀ ਰੂਹ
ਕਿਉਂ ਬਣਨਾ ਚਾਹੁੰਦੀ?
ਅੱਜ ਪਤਾ ਨਹੀਂ ਕਿਉਂ
ਮੇਰੀ ਹਰ ਇੱਕ ਨਜ਼ਮ
ਤੇਰੇ ਦੀਦ ਦੀ ਪਿਆਸੀ ਹੈ।

ਤੂੰ ਮੇਰੀ ਕਲਮ ਨਾਲ ਇੰਝ ਜੁੜ ਗਈ ਏ ਕਿ
ਇਸ ਦੇ ਮੂੰਹੋ ਕਿਰਿਆ ਹਰ ਇਕ ਲਫ਼ਜ 'ਚੋਂ
ਤੇਰੀ ਹੀ ਮਹਿਕ ਆਉਂਦੀ ਹੈ।

ਅੱਜ ਵੀ ਲੱਗਦਾ ਹੈ
ਕਿ ਤੂੰ ਮੈਨੂੰ ਆਵਾਜ਼ ਦੇ ਰਹੀ ਏ
ਉਸੇ ਮੁਹੱਬਤ ਦੇ ਝੁਲਸੇ ਗੁਲਾਬ ਦੇ
ਪਰਛਾਵਿਆਂ ਹੇਠ
ਮਾਰੂਥਲ ਦੀ ਧਰਤੀ ਤੇ
ਉਸ ਪਾਕ ਮੁਹੱਬਤ ਦੇ
ਬੋਲ ਬੀਜਣ ਲਈ।

✲✲✲✲✲

# ਜ਼ਿੰਦਗੀ ਮੇਰੀ 'ਚ ਆਕੇ

ਜ਼ਿੰਦਗੀ ਮੇਰੀ 'ਚ ਆਕੇ ਕੋਈ
ਜ਼ਿੰਦਗੀ ਜਿਹਾ ਹੋ ਗਿਆ
ਅਹਿਸਾਸ ਬਣ ਹਕੀਕਤ
ਫਿਰ ਸੁਪਨਾ ਹੋ ਗਿਆ।

ਫੁੱਲਾਂ ਤੋਂ ਲੈ ਗਿਆ
ਕੋਈ ਖੋਹ ਕੇ ਹਾਸੇ
ਚੰਨ ਰਿਸ਼ਮਾ ਨੂੰ ਰੋਵੇ
ਸੂਰਜ ਕਿਰਨਾ ਦਾ ਪਿਆਸਾ।

ਰੋਕਦਾ ਸੀ ਜੋ ਕਦੇ
ਹਾਦਸਿਆਂ ਦੇ ਸਿੰਕਦਰ ਨੂੰ
ਹਲਾਤ ਹੱਥੋਂ ਕਤਲ
ਉਹੀ ਬਾਦਸ਼ਾਹ ਹੋ ਗਿਆ।

ਖ਼ਾਹਿਸ਼ਾਂ ਦੇ ਸਾਰੇ ਹੀ ਜੰਗਲ
ਜਲਕੇ ਖ਼ਾਕ ਹੋ ਗਏ
ਡਿੱਗਦੇ ਢਹਿੰਦੇ ਰੁੱਖਾਂ ਨੂੰ ਦੇਖਕੇ
ਉੱਡਦੇ ਪਰਿੰਦੇ ਰੋ ਪਏ।

ਜ਼ਿੰਦਗੀ ਦੀ ਸਿਲੀ ਰੇਤ 'ਚੋਂ
ਕਤਰਾ ਕਤਰਾ ਚੋ ਗਿਆ
ਸੁਣਿਆਂ ਹੈ 'ਰੰਜਨ' ਦਾ ਵੀ
ਦੋਸਤੋ ਖਾਤਮਾਂ ਹੋ ਗਿਆ।

✫✫✫✫✫



# ਪਾਤਰ

ਅਸਮਾਨ ਵਿੱਚ ਘੁੰਮਦੇ ਰਹਿਣਾ
ਲੰਡਨ ਬ੍ਰਿਜ ਤੇ ਗਾਣੇ ਗਾਉਂਣਾ
ਸੋਹਣੀ ਜਹੀ ਕੁੜੀ ਦੇ ਨਾਲ
ਝਰਨੇ ਥੱਲੇ ਇਸ਼ਕ ਲੜਾਉਂਣਾ
ਇਹ ਸਭ ਫ਼ਿਲਮਾਂ ਦੇ ਵਿੱਚ ਹੁੰਦਾ ਹੈ
ਤੇ ਅਸੀਂ ਫ਼ਿਲਮਾਂ ਦੇ ਪਾਤਰ ਨਹੀਂ ਹਾਂ।

ਮਹਿੰਗੇ-ਮਹਿੰਗੇ ਕਪੜੇ ਪਾਉਂਣੇ
ਕਪੜਿਆਂ ਤੇ ਪਰਫਿਊਣ ਛੜਕਾਉਂਣੇ
ਕਾਲ ਗ਼ਰਲ ਨੂੰ ਨਾਲ ਲਿਜਾਕੇ
ਹੋਟਲ ਵਿੱਚ ਜ਼ਸ਼ਨ ਮਨਾਉਂਣੇ
ਤੇ ਅਸੀਂ ਫ਼ਿਲਮਾਂ ਦੇ ਪਾਤਰ ਨਹੀਂ ਹਾਂ।

ਬਦਮਾਸ਼ਾਂ ਸੰਗ ਪੰਗਾ ਲੈਣਾ
ਸੌ ਗੁੰਡਿਆਂ ਤੇ ਭਾਰੀ ਪੈਣਾ
ਗਰੀਬਾਂ ਦੇ ਲਈ ਬਣ ਮਸੀਹਾ
ਦਿਲਾਂ ਵਿੱਚ ਘਰ ਕਰ ਲੈਣਾ
ਤੇ ਅਸੀਂ ਫ਼ਿਲਮਾਂ ਦੇ ਪਾਤਰ ਨਹੀਂ ਹਾਂ।

ਇੱਕ ਔਰਤ ਨੂੰ ਮਾਰ ਮਕਾਉਂਣਾ
ਇੱਕ ਦੋ ਥਾਂ ਤੇ ਲੀੜੇ ਪਾਉਂਣਾ
ਜਿਸਮ ਦਾ ਇੱਕ ਇੱਕ ਅੰਗ ਦਿਖਾ ਕੇ
ਭੋਲੇ ਲੋਕਾਂ ਨੂੰ ਭਰਮਾਉਂਣਾ
ਤੇ ਅਸੀਂ ਫ਼ਿਲਮਾਂ ਦੇ ਪਾਤਰ ਨਹੀਂ ਹਾਂ।

✫✫✫✫✫

# ਮੈਂ ਇੱਕ ਬਾਪ ਹਾਂ

ਮੈਂ ਇੱਕ ਬਾਪ ਹਾਂ
ਇਸ ਨਾਤੇ ਮੈਨੂੰ ਚਾਹੀਦਾ ਹੈ
ਆਪਣੇ ਬੱਚਿਆਂ ਦੀ ਗੱਲ ਕਰਾਂ
ਆਪਣੇ ਬੱਚਿਆਂ ਦੀ
ਹਰ ਗੱਲ ਸੁਣਾਂ
ਨਿੱਤ ਬਦਲਦੀਆਂ ਕਿਤਾਬਾਂ
ਤੇ ਸਕੂਲਾਂ ਵਿੱਚ ਘੱਟਦੇ
ਅਧਿਆਪਕਾਵਾਂ
ਦੀ ਚਿੰਤਾ ਕਰਾਂ।

ਮੈਂ ਇੱਕ ਬਾਬਲ ਹਾਂ
ਮੈਨੂੰ ਪਤਾ ਹੋਣਾਂ ਚਾਹੀਦਾ ਹੈ
ਮੇਰੀ ਧੀ ਦੀ ਉੱਮਰ ਉਸ ਦੇ
ਹੱਥਾਂ ਤੇ ਲੱਗਣ ਵਾਲੀ ਮਹਿੰਦੀ ਦੇ
ਰੰਗ ਤੋ ਵੀ ਥੋੜੀ ਹੈ।
ਭਾਵੇ ਉਹ ਕੌਫ਼ੀ ਬਣਾਉਂਦੀ ਹੈ
ਪੀਜ਼ੇ ਬਰਗਰ ਨਿਊਡਲ ਦੇ
ਸਵਾਦ ਤੋਂ ਜਾਣੂ ਹੈ।

ਭਾਵੇਂ ਉਹ ਕੰਪਿਊਟਰ ਦੇ
ਸੌਫਟ ਵੇਅਰ
ਬਣਾਉਂਣਾ ਜਾਣਦੀ ਹੈ
ਭਾਵੇਂ ਉਸਨੂੰ ਪੁਲਾੜ ਵਿੱਚ
ਹੋ ਰਹੀਆਂ ਖੋਜਾਂ ਦਾ
ਪਤਾ ਹੈ।



ਇੱਕ ਪਤੀ ਹੋਣ ਦੇ ਨਾਤੇ
ਮੈਨੂੰ ਚਾਹੀਦਾ ਹੈ
ਬਜ਼ਾਰ ਵਿੱਚ ਆਉਂਦੇ
ਨਵੇਂ ਫੈਸ਼ਨ ਤੇ ਨਵੇਂ ਡਿਜ਼ਾਇਨ
ਦੇ ਸੂਟ ਲੈ ਕੇ
ਆਪਣੀ ਪਤਨੀ ਨੂੰ ਦੇਵਾਂ
ਉਸ ਦੀ ਹਰ ਖ਼ਾਹਿਸ਼ ਨੂੰ ਪੂਰੀ ਕਰਾਂ
ਪਰ
ਮੈਂ ਤਾਂ
ਆਪਣੀ ਹੋਂਦ ਤੋਂ
ਨਾ ਖੁਸ਼ ਹਾਂ
ਵਿਗੜੇ ਹੋਏ ਮੋਬਾਇਲ ਵਾਂਗ
ਮੋਮ ਬੱਤੀ ਦੀ ਲੋਅ ਨਾਲ
ਪੁਰਾਣੀ ਕੁਰਸੀ ਤੇ ਬਹਿ
ਜ਼ਿੰਦਗੀ ਨੂੰ
ਠੀਕ ਕਰਨ ਦੀ ਕੋਸ਼ਿਸ਼ ਵਿੱਚ
ਲੱਗਾ ਹੋਇਆਂ ਹਾਂ।

✲✲✲✲✲

# ਮਾਵਾਂ ਕੀ ਕਰਨਗੀਆਂ

ਰੁੱਖਾਂ ਨੂੰ ਤਪਦੇ ਦੇਖ
ਹਵਾਵਾਂ ਕੀ ਕਰਨਗੀਆਂ।
ਮਿੱਟੀ ਨੂੰ ਗਲਵਕੜੀ ਪਾਈ
ਇਹ ਛਾਵਾਂ ਕੀ ਕਰਨਗੀਆਂ।

ਦਿਲ ਦੇ ਨਾਲ ਦਿਲ ਦੀ
ਜੇ ਜੁੜਦੀ ਤਾਰ ਨਹੀਂ
ਘੁੱਟ ਘੁੱਟ ਸੀਨੇ ਲਾਉਂਦੀਆਂ
ਏਹ ਬਾਹਵਾਂ ਕੀ ਕਰਨਗੀਆਂ।

ਜ਼ਹਿਰ ਬੀਜੋਗੇ ਜੇ ਤੁਸੀਂ
ਤਾਂ ਜ਼ਹਿਰ ਹੀ ਉੱਗੇਗਾ
ਮੰਦਰ ਮਸਜਿਦ ਲਾਗੇ ਦੀਆਂ
ਦੱਸੋਂ! ਥਾਵਾਂ ਕੀ ਕਰਨਗੀਆਂ।

ਦੁੱਧ ਹੀ ਜੇ ਸੁੱਕ ਜਾਵੇ
ਔਰਤ ਦੀ ਹਿਕੜੀ ਦਾ
ਭੁੱਖੇ ਮਰਦੇ ਬੱਚੇ ਦੇਖ
ਭਲਾ! ਮਾਵਾਂ ਕੀ ਕਰਨਗੀਆਂ।

✲✲✲✲✲



# ਖ਼ਿਆਲ

ਪੱਛਮ ਤੇ ਕੋਈ ਗਿਲਾ ਨਹੀਂ
ਪੂਰਬ ਦਾ ਖਿਆਲ ਹੈ
ਜਿਸਦੇ ਇਸ਼ਾਰੇ ਤੇ ਚਲਣੀ
ਆਪਾਂ ਨੇ ਚਾਲ ਹੈ।

ਇਤਿਹਾਸ ਦੀ ਕਬਰ ਪੁੱਟ
ਕਿਉਂ ਰੋਈਏ ਕੰਕਾਲਾਂ ਤੇ
ਅੱਖਾਂ ਵਿੱਚ ਜੋ ਬੀਜੇ ਨੇ
ਉਨਾਂ ਖ਼ਾਬਾਂ ਦਾ ਕਰਨਾ ਖ਼ਿਆਲ ਹੈ।

ਵਕਤ ਦੀ ਹਰ ਨਬਜ਼
ਇਸ ਲਈ ਹਾਂ ਜਾਣਦਾ
ਕਿਉਂਕਿ ਮੈਨੂੰ ਦੋਸਤੋ
ਪੱਤੇ ਪੱਤੇ ਦਾ ਖਿਆਲ।

ਕਿਸ ਸ਼ਾਖ਼ ਤੇ ਕਿਹੜੇ ਫੁੱਲ ਨੂੰ
ਕਿਹੜੀ ਚੀਜ਼ ਖਾ ਰਹੀ
ਇਸ ਬਾਗ਼ ਦੇ ਮਾਲ਼ੀ ਨੂੰ
ਸਭ ਦਾ ਹੀ ਖਿਆਲ ਹੈ।

ਚਲ ਪਏ ਕਦਮਾਂ ਨੂੰ ਹੁਣ
ਮੰਜ਼ਿਲ ਤੋਂ ਉਰੇ ਨਾ ਰੋਕਾਂਗੇ
ਏਹ ਨਵੇਂ ਖ਼ੂਨ ਦਾ ਜੋਸ਼ ਹੈ
ਹੁਣ ਨਵਾਂ ਉਥਾਲ ਹੈ।

✲✲✲✲✲

# ਮਾਂ

ਮਾਂ
ਕਿਉਂ ਨਹੀਂ ਪਰਤ ਆਉਂਦਾ
ਉਹੀ ਸਮਾਂ
ਜਦੋਂ ਮੈਂ ਟਾਹਲੀ ਦੀਆਂ ਟਹਿਣੀਆਂ ਤੇ
ਪਾਉਂਦਾ ਸੀ
ਟੈਰਾ ਦੇ ਝੂਲੇ।

ਮਾਂ
ਕਿਉਂ ਨਹੀਂ ਪਰਤ ਆਉਂਦਾ
ਉਹੀ ਸਮਾਂ
ਜਦੋਂ ਮੈਂ ਖੀਰ ਦੇ ਲਾਲਚ ਲਈ
ਜਾਂਦਾ ਸੀ
ਆਪਣੇ ਸਾਥੀਆਂ ਨਾਲ ਸਕੂਲੇ।

ਮਾਂ
ਕਿਉਂ ਨਹੀਂ ਪਰਤ ਆਉਂਦਾ
ਉਹੀ ਸਮਾਂ
ਤੇਰੀ ਹਿਕੜੀ ਅੰਦਰ
ਜੋ ਮੇਰੀਆਂ
ਨਾੜੀਆਂ ਵਿੱਚ ਆਪਣਾ ਰੰਗ
ਬਦਲ ਕੇ
ਦੌੜ ਰਿਹਾ ਹੈ।

ਮਾਂ ਬੜਾ ਹੀ ਹਸੀਨ ਸਮਾਂ ਸੀ
ਉਹ ਮੇਰੀ ਮਹਿਬੂਬ ਵਾਂਗ
ਜਿਸ ਦੀ ਹਰ ਧੜਕਣ ਵਿੱਚ
ਜ਼ਿੰਦਗੀ ਲਈ ਕਈ ਨਗਮੇ
ਸੰਜੋਏ ਸੀ।



ਪੈਰਾਂ ਦੀ ਅੱਡੀ ਮਾਰ
ਗੰਦਾ ਪਾਣੀ ਆਪਣੇ
ਸਰੀਰ ਤੇ ਪਾਉਂਦਾ ਸੀ।

ਟਾਈਟੈਨਿਕ ਦੇ ਡੁੱਬਣ ਵਾਂਗ
ਮੈਨੂੰ ਦੁਖ ਨਹੀ ਹੁੰਦਾ ਸੀ
ਜਦ ਮੈ ਸਾਰੇ ਦਾ ਸਾਰਾ
ਤਿਲਕ ਕੇ ਡਿੱਗ ਪੈਂਦਾ ਸੀ
ਬਰਸਾਤ ਦੇ ਪਾਣੀ ਵਿਚ।

ਮਾਂ
ਕਿਉਂ ਨਹੀਂ ਪਰਤ ਆਉਂਦਾ
ਉਹੀ ਸਮਾਂ
ਜਦ ਤੂੰ ਮੈਨੂੰ ਗਾਲਾਂ ਕੱਢਦੀ
ਨਹਿਲਾਉਂਦੀ ਸੀ
ਸੱਤ ਸੌ ਸਤੱਤਰ ਸਾਬਣ ਨਾਲ।

ਮਾਂ
ਕਿਉਂ ਨਹੀਂ ਪਰਤ ਆਉਂਦਾ
ਉਹੀ ਸਮਾਂ
ਹਾਬੜ ਹਾਬੜ ਕਰਦੀ ਜ਼ਿੰਦਗੀ
ਅੰਦਰ
ਮਾਂ ਮੇਰਾ ਦਿਲ ਕਰਦਾ ਹੈ
ਮੁੜ ਕੇ ਸੋਨੇ ਦਾ ਹੋ ਜਾਵਾਂ
ਤੇ
ਸਾਂਝ ਪਾ ਲਵਾਂ
ਮਿੱਟੀ ਦੇ ਘਰਾਂ ਨਾਲ।

(ਇਕ ਲੰਮੀ ਕਵਿਤਾ ਵਿਚੋਂ)

✲✲✲✲✲

# ਕੁਰਸੀ ਦੀ ਖੇਡ

ਇਹ ਕੁਰਸੀ ਦੀ ਖੇਡ
ਅਜ਼ਬ ਮੋੜ ਤੱਕ ਜਾਂਦੀ ਹੈ
ਲੋੜ ਪੈਣ ਤੇ ਸੁਣਿਆਂ ਹੈ
ਆਪਣਾ ਮਾਸ ਹੀ ਖਾਂਦੀ ਹੈ।

ਜਾਤਾਂ ਦੀ ਪਾਟੀ ਪੱਲ਼ੀ ਲੈ
ਕਦੇ ਧਰਮਾਂ ਦੀ ਚਾਦਰ
ਰਾਮ ਰਹੀਮ ਦੇ ਮੰਦਰ ਮਸਜਿਦ
ਮਾਸੂਮਾਂ ਨੂੰ ਬਲੀ ਚੜ੍ਹਾਦੀ ਹੈ।

ਲਹੂ ਨਾਲ ਭਿੱਜੀਆਂ ਉਂਗਲਾਂ
ਜੀਭਾਂ ਤੇ ਫਿਰਦੀਆਂ ਨੇ
ਢਿੱਡਾਂ ਦੀ ਤਪਸ਼ ਮਿਟਾਉਂਣ ਖ਼ਾਤਿਰ
ਲਾਸ਼ਾਂ ਨੂੰ ਵੇਚ ਆਂਦੀ ਹੈ।

ਨਾ ਕੋਈ ਡੈਣ ਦਾ ਡੇਰਾ ਜਾਣੇ
ਕਿੱਥੋਂ ਆਵੇ ਕਿੱਥੇ ਜਾਵੇ
ਕਿਸ ਧਰਤੀ ਤੇ ਰਹਿੰਦੀ ਏਹ
ਕਿੱਥੋਂ ਹੁਕਮ ਚਲਾਂਦੀ ਹੈ।

ਇਹ ਕੁਰਸੀ ਦੀ ਖੇਡ
ਅਜ਼ਬ ਮੋੜ ਤੱਕ ਜਾਂਦੀ ਹੈ
ਲੋੜ ਪੈਣ ਤੇ ਸੁਣਿਆਂ ਹੈ
ਆਪਣਾ ਮਾਸ ਹੀ ਖਾਂਦੀ ਹੈ।

✫✫✫✫✫



# ਅਰੰਭ ਤੋਂ ਅੰਤ ਤੱਕ

ਦੋ
ਮਹਾਂਸ਼ਕਤੀਆਂ ਹੁੰਦੀਆਂ ਹਨ
ਆਮੋ ਸਾਹਮਣੇ।

ਹਥਿਆਰ ਤਿਲਮਿਲਾਂਉਂਦੇ ਹਨ
ਕਹਿਰ ਮਚਾਉਂਦੇ ਹਨ
ਖੁੱਲ੍ਹਦਾ ਹੈ
ਤੀਸਰਾ ਨੇਤਰ
ਤੇ ਸ਼ੁਰੂ ਹੁੰਦਾ ਹੈ
ਮੌਤ ਦਾ ਮਹਾਂਨਾਚ!
ਲਹੂ ਦਾ ਸਮੁੰਦਰ
ਠਾਠਾਂ ਮਾਰਦਾ
ਵਿਚ ਤੈਰਦੀਆਂ ਲਾਸ਼ਾਂ।

ਜਵਾਲਾ ਮੁਖੀ ਵਾਂਗ
ਫੱਟਦੇ ਹਨ ਸੀਨੇ
ਡੋਲਦਾ ਹੈ
ਆਦਮੀ ਦਾ ਵਜ਼ੂਦ।

ਮਨੁੱਖੀ ਕੰਕਾਲ
ਕੰਕਾਲਾਂ ਉੱਤੇ
ਇਮਾਰਤਾਂ
ਦੇ ਮਲਬੇ
ਮਲਬਿਆਂ ਦੇ ਢੇਰ ਤੇ
ਫਿਰ ਵੱਸ ਜਾਂਦੇ ਹਨ
ਨਵੇਂ ਸਿਰੀਓਂ ਸ਼ਹਿਰ!

ਜ਼ਿੰਦਗੀ ਰੋਂਦੀ ਕਰਲਾਉਂਦੀ
ਰੱਤ ਦੇ ਅੱਥਰੂ ਵਹਾਉਂਦੀ
ਤੁਰੀ ਰਹਿੰਦੀ ਹੈ
ਤੇ ਆਪੇ
ਹੌਲੀ ਹੌਲੀ
ਭਰ ਜਾਂਦੇ ਹਨ
ਸੀਨੇ ਦੇ ਜ਼ਖ਼ਮ!

ਸ਼ਹਿਰ ਦੇ ਮਸੀਹਾ
ਫਿਰ ਲੜਾਉਂਦੇ ਹਨ
ਦਾਅ ਪੇਚ
ਖ਼੍ਰੀਦੇ ਵੇਚੇ ਜਾਂਦੇ ਹਨ ਮੋਹਰੇ
ਹੁੰਦੀ ਹੈ ਖ਼ੂਬ ਰਾਜਨੀਤੀ।

ਹੱਸਦਾ ਖੇਡਦਾ
ਮਾਸੂਮ ਸ਼ਹਿਰ
ਭੇਟ ਚਾੜ ਦਿੱਤਾ ਜਾਂਦਾ ਹੈ
ਅਰੁਜਨ
ਕ੍ਰਿਸ਼ਨ
ਕੌਰਵਾਂ
ਪਾਂਡਵਾਂ ਦੀ
ਫੋਕੀ ਤਾਕਤ ਦੇ ਦਿਖਾਵੇ ਲਈ।

ਪਿੱਛੇ ਰਹਿ ਜਾਂਦਾ ਹੈ
ਹਓਮੇ ਦਾ ਕੁਰੂਕਸ਼ੇਤਰ



ਬੇ-ਨਾਮ ਲੋਥਾਂ
ਜਿਹਨਾਂ ਨੂੰ
ਕੋਈ ਖ਼ਬਰ ਵੀ ਨਹੀਂ ਹੁੰਦੀ
ਕਿ ਉਹਨਾਂ ਦੀ ਬਲੀ
ਕਿਉਂ
ਕਿਸ ਲਈ
ਕਿਸਨੇ ਦਿੱਤੀ ਹੈ।

✫✫✫✫✫

## ਕਰਜ਼ਾ

ਕਰੀਏ ਉਸ ਦੀ ਤਲਾਸ਼ ਤੇ ਸੂਲੀ ਤੇ ਚਾੜ ਦੇਈਏ।
ਆਉ ਕਿ ਅੱਜ ਜ਼ਾਲਮ ਦਾ ਸੀਨਾ ਪਾੜ ਦੇਈਏ।

ਜੋਕਾਂ ਵਾਂਗੂੰ ਜੋ ਸਾਡੀ ਰੱਤ ਨੂੰ ਪੀਂਦੇ ਨੇ
ਆਉ ਉਨ੍ਹਾਂ ਨੂੰ ਅੱਜ ਜਾਨੋ ਮਾਰ ਦੇਈਏ।

ਸਦੀਆਂ ਤੋਂ ਜੋ ਝੂਲਦਾ ਰਿਹਾ ਹੈ ਸਾਡੇ ਸਿਰ ਤੇ
ਆਉ ਉਸ ਜ਼ਾਲਮ ਦੇ ਪਰਚੰਮ ਨੂੰ ਉਖਾੜ ਦੇਈਏ।

ਮਾਨਵ ਜੂਨ ਲਈ ਜੋ ਬਣਿਆਂ ਰਿਹਾ ਸਰਾਪ
ਆਉ ਅੱਜ ਉਸ ਪਾਪ ਦਾ ਕਰਜ਼ਾ ਉਤਾਰ ਦੇਈਏ।

ਪੋਚ ਸੁਟੀਏ ਫੱਟੀ ਜ਼ੁਰਮ ਤੇ ਜ਼ਾਲਮਾਂ ਦੀ
ਫਿਰ ਤੋਂ ਇਸ ਧਰਤ ਨੂੰ ਸਜਾ ਸੰਵਾਰ ਦੇਈਏ।

✫✫✫✫✫

# ਭਗਤ ਸਿੰਘ ਨੂੰ

ਮੇਰੇ ਅੰਦਰ ਵੀ
ਜਨਮਿਆ ਸੀ
ਤੇਰੇ ਜਿਹਾ ਭਗਤ ਸਿੰਘ
ਤੇ
ਜ਼ਮੀਨ ਗੋਡੀ ਸੀ
ਅਸਾਂ ਨੇ ਵੀ
ਦਬੂੰਕਾਂ ਬੀਜੀਆਂ ਸਨ।

ਪਰ
ਮੇਰੇ ਵੱਡੇ ਹੋਣ ਤੱਕ
ਦਬੂੰਕਾਂ ਦੀ ਫ਼ਸਲ
ਬੌਨੀ ਹੋ ਗਈ ਸੀ।

ਵਕਤ ਤੇ ਹਲਾਤਾਂ ਨੇ
ਮੇਰੇ ਅੰਦਰਲੇ ਭਗਤ ਸਿੰਘ ਨੂੰ
ਕਤਲ ਕਰ ਦਿੱਤਾ।

ਹੁਣ ਮੈਂ
ਮੁਰਦਾ ਸਰੀਰ ਲੈ ਕੇ
ਕਿਸ ਲਈ
ਕਿਸ ਨਾਲ
ਕਲਯੁੱਗ ਦਾ
ਮਹਾਂਭਾਰਤ ਲੜਾਂ।

✰✰✰✰✰



# ਮੇਰੇ ਦੇਸ਼ ਵਿੱਚ

ਮਾਤਮਾ ਦੇ ਮੌਸਮ
ਹੜ ਹੰਝੂਆਂ ਦੇ
ਝੱਖੜ ਝੁੱਲਦੇ ਦਿਲ ਦੀ ਜ਼ਮੀਨ ਤੇ
ਤਬਾਹੀ ਦੇ ਮੰਜ਼ਰ ਤੋਂ ਸਿਵਾ
ਹੈ ਕੀ ਮੇਰੇ ਦੇਸ਼ ਵਿੱਚ।

ਰੇਸ਼ਮੀ ਡੋਰ 'ਚ ਪਰੋਏ
ਤਿੜਕੇ ਮਣਕਿਆਂ ਦੀ
ਕਹਾਣੀ ਹੈ ਆਪਣੀ
ਇਸ ਧਾਗੇ ਤੋ ਸਿਵਾ
ਹੈ ਕੀ ਮੇਰੇ ਦੇਸ਼ ਵਿੱਚ।

ਮੈਂ ਉਸਦੇ ਦਿਲ ਨੂੰ ਸਾੜਾਂ
ਉਹ ਮੇਰੇ ਦਿਲ ਨੂੰ ਸਾੜੇ
ਇਸ ਸੜਨ ਤੋ ਸਿਵਾ
ਹੈ ਕਿ ਮੇਰੇ ਦੇਸ਼ ਵਿੱਚ।

ਬੌਨੇ ਸਾਡੇ ਕੱਦ
ਪਹਾੜੋਂ ਭਾਰੇ ਦੁੱਖ
ਮਨ ਤੇ ਚੁੱਕੀ ਫਿਰਦੇ
ਇਸ ਭਟਕਣ ਤੋਂ ਸਿਵਾ
ਹੈ ਕੀ ਮੇਰੇ ਦੇਸ਼ ਵਿੱਚ।

✰✰✰✰✰

# ਤੂੰ ਕਾਤਲ ਹੈ

ਰਾਮ ਨੂੰ ਮਾਰ ਦਿਓ
ਰਹੀਮ ਨੂੰ ਸੂਲੀ ਚਾੜ ਦਿਓ
ਕਦ ਤੱਕ ਪਿਆਸੀ ਰਹੇਗੀ
ਤੁਹਾਡੇ ਮਿਆਨਾਂ ਦੀ ਕਿਰਪਾਨ।

ਸਾਥੋਂ ਕੀ ਚਾਹੁੰਦੀ ਏ
ਦੱਸ ਦਿੱਲੀਏ ਬੇਈਮਾਨਣੇ ਨੀ
ਕਦ ਤੱਕ ਤੂੰ ਖਾਂਦੀ ਰਹੇਂਗੀ
ਮੇਰੇ ਸ਼ਹਿਰ ਦੇ ਇਨਸਾਨ।

ਕੱਖ ਓਦੋਂ ਤੋਂ ਝੁੱਗੀਆਂ ਦੇ
ਡਰੇ ਡਰੇ ਰਹਿੰਦੇ ਨੇ
ਤੇਰੇ ਸ਼ਹਿਰ ਦੀਆਂ ਇੱਟਾਂ ਦਾ
ਜਦ ਤੋਂ ਬਦਲਿਆ ਹੈ ਈਮਾਨ।

ਸੁਣਿਆ ਹੈ ਤੇਰੀ ਅੱਖ 'ਚੋਂ
ਕੋਈ ਅੱਥਰੂ ਵੀ ਡਿੱਗਦਾ ਨਹੀਂ
ਇਸ ਸ਼ਹਿਰ ਦਾ ਜਦ ਵੀ
ਕੋਈ ਬਲਦਾ ਹੈ ਸ਼ਮਸ਼ਾਨ।

ਤੂੰ ਕਾਤਿਲ ਹੈ
ਇਸ ਸ਼ਹਿਰ ਦੇ ਸੁਪਨਿਆਂ ਦੀ
ਤੇਰੇ ਹੀ ਸਾਹਮਣੇ ਨਿਕਲੀ ਹੈ
ਇਨਾਂ ਮਾਸੂਮਾਂ ਦੀ ਜਾਨ।

ਤੇਰੀ ਹਿੱਕ ਤੇ ਬੈਠੇ
ਤੇਰੇ ਹਾਕਮ ਮਾੜੇ ਨੇ
ਵਾਰੋ ਵਾਰੀ ਖ਼ੂਨ ਪੀਵਣ
ਤੇਰੇ ਪਾਲੇ ਭਗਵਾਨ।

✫✫✫✫✫



# ਰੁੱਸਿਆ ਸੁਪਨਾ

ਅੱਖਾਂ ਬੰਦ ਕਰਾਂ ਤਾਂ
ਅੱਖਾਂ 'ਚ
ਆ ਚੁਭਦਾ
ਵੰਗ ਦੇ ਟੁਕੜੇ ਵਾਂਗੂੰ
ਉਸ ਕੁੜੀ ਦੀਆਂ
ਅੱਖਾਂ ਨਾਲ
ਰੁੱਸਿਆ ਸੁਪਨਾ।

ਇਕ ਪਲ ਲਈ
ਇੰਝ ਜਾਪੇ
ਜਿਵੇਂ
ਜੋਬਨ ਮੱਤੀ
ਉਸ ਕੁੜੀ ਦੇ
ਸਾਰੇ ਹੀ ਸੁਪਨੇ
ਜ਼ਖ਼ਮੀ ਹੋ ਗਏ ਹੋਣ।

ਤੇ
ਉਸਦਾ...
ਰੀਝਾਂ ਭਰਿਆ ਦਿਲ
ਉਸ ਦੀਆਂ ਅੱਖਾਂ ਸਾਹਮਣੇ
ਕੱਚ ਵਾਂਗੂੰ ਟੁਟਕੇ
ਖਿਲਰ ਗਿਆ ਹੋਵੇ।

ਮੇਰੀਆਂ
ਡੁਸ ਡੁਸ ਕਰ ਦੀਆਂ ਅੱਖਾਂ
ਉਦ੍ਹੇ ਦੀਦ ਦੀ ਪਿਆਸ
ਉਦ੍ਹੇ ਪਰਤ ਆਉਂਣ ਆਸ
ਮੈਨੂੰ ਕਰ ਜਾਂਦੀ ਹੈ ਉਦਾਸ

ਧੁੰਦਲੇ ਧੁੰਦਲੇ
ਬੀਤੇ ਵਕਤ ਦੇ ਮੰਜ਼ਿਰ
ਮੇਰੇ ਸਾਹਮਣੇ
ਹੋ ਜਾਂਦੇ ਨੇ ਮੂਰਤੀਮਾਨ
ਅਤੀਤ 'ਚ ਗਵਾਚਾ
ਮੈਂ ਉਸਨੂੰ
ਬੜੀ ਰੀਝ ਨਾਲ ਤੱਕਦਾ
ਬੇ ਖੁਦੀ ਵਿਚ ਦੌੜਦਾ
ਬੱਚਿਆਂ ਵਾਂਗਰ
ਪ੍ਰਛਾਵਿਆਂ ਦੇ ਪਿੱਛੇ
ਠੋਕਰ ਖਾ ਡਿੱਗਦਾ
ਮਿੱਟੀ 'ਚ ਮਿੱਟੀ ਹੋ ਜਾਂਦਾ
ਬਦ ਹਵਾਸੀ ਖ਼ਤਮ ਹੁੰਦੀ
ਮੈਂ ਮੱਥਾ ਪਟਕਦਾ
ਅੱਖਾਂ 'ਚ ਮੁਕੀਆਂ ਦਿੰਦਾ
ਨੈਣਾਂ 'ਚ ਅੱਥਰੂ ਲੈ ਉਠਦਾ
ਜਿਸਮ ਦੀ ਧੂੜ ਝਾੜਦਾ
ਮਨ ਮਾਰ ਕੇ।

ਪਰ
ਸੋਚ ਦੀ ਕਿਸੇ ਨੁਕਰੇ
ਜਹਿਨ 'ਚ ਰੜਕਦਾ ਰਹਿੰਦਾ
ਕਿਸੇ ਕਿਰਕਿਰੇ ਵਾਂਗ
ਉਸ ਕੁੜੀ ਦਾ ਖ਼ਿਆਲ।
ਅੱਜ ਕਲ੍ਹ ਬੜਾ
ਬੇ ਚੈਨ ਹਾਂ ਮੈਂ
ਮੇਰੀ ਅੱਖ ਨਹੀਂ ਲੱਗਦੀ
ਪਰ ਮੈਂ ਸੁਪਨੇ ਦੇਖਣੈਂ
ਪਰੀਆਂ ਦੇ



ਤਿਤਲੀਆਂ ਦੇ
ਗੀਤ ਗਾਉਂਦੀਆਂ
ਕੁੜੀਆਂ ਦ
ਮੈਨੂੰ ਚੰਗੇ ਲਗਦੇ ਨੇ ਸੁਪਨੇ
ਪਰ ਅੱਜ ਕਲ੍ਹ
ਬੜਾ ਬੇਚੈਨ ਹਾਂ ਮੈਂ
ਕਿਉਂਕਿ ਮੇਰੀ
ਅੱਖ ਨਹੀਂ ਲੱਗਦੀ॥

✡✡✡✡✡

## ਖ਼ਤਰਾ ਹੈ

ਸੁੱਕਦੇ ਸਮੁੰਦਰ ਨੂੰ
ਜੀਵਾਂ ਦੀ ਪਿਆਸ ਤੋਂ ਖ਼ਤਰਾ
ਹੈ।

ਦੇਸ਼ ਨੂੰ ਬਾਹਰੀ ਕੀੜੇ ਤੋਂ ਨਹੀਂ
ਆਪਣੇ ਹੀ ਮਾਸ ਤੋਂ ਖ਼ਤਰਾ ਹੈ।

ਗੁਆਂਢੀ ਦੀ ਹਰ ਚਾਲ ਤੋਂ
ਤੁਸਾਂ ਵਾਕਿਫ਼ ਹੋ ਕੇ ਕੀ ਲੈਣਾ
ਤੁਹਾਨੂੰ ਤਾਂ ਤੁਹਾਡੇ ਹੱਥਾਂ ਵਿੱਚਲੀ
ਤਾਸ਼ ਦੇ ਹਰ ਪੱਤੇ ਤੋਂ ਖ਼ਤਰਾ ਹੈ।

ਸਿਰ ਝੁਕਾਈ ਹਰ ਗੱਲ ਵਿੱਚ
ਜੋ ਹਾਮੀ ਭਰਦਾ ਹੈ
ਕੁਰਸੀ ਤੇ ਬੈਠੇ ਐਸੇ
ਹਰ ਇੱਕ ਗੁਲਾਮ ਤੋਂ ਖ਼ਤਰਾ ਹੈ।

✡✡✡✡✡

# ਅਰਜ਼ੋਈ

ਸਭ ਜਨਮਾਂ ਦਾ ਲੇਖਾ ਜ਼ੋਖ਼ਾ
ਇਸ ਜਨਮੇਂ ਮੁਕਾ ਦੇ
ਐ ਨੀਲ ਕੰਠ ਦਿਆ ਮਾਲਕਾ
ਮੈਨੂੰ ਸਾਰਾ ਜ਼ਹਿਰ ਪਿਲਾ ਦੇ।

ਜਨਮਾਂ ਦੇ ਇਸ ਗੇੜ ਵਿੱਚ
ਮੁੜ-ਮੁੜ ਕੇ ਨਾ ਪਾਵੀਂ
ਸੁਣ ਮੇਰੇ ਦਾਤਿਆ ਤੂੰ
ਮੈਨੂੰ ਮੁਕਤੀ ਦਾ ਰਾਹ ਦਿਖਾ ਦੇ।

ਰੋਮ ਰੋਮ ਨੂੰ ਜਾਨਣ ਹਾਰੇ
ਕਾਹਤੋਂ ਕਰਦਾ ਤੂੰ ਅੜੀਆਂ
ਮਨ ਮੇਰਾ ਪਿਆਸਾ ਤਰਸੇ
ਮੈਨੂੰ ਬਹਿ ਕੁੰਡ ਤੱਕ ਪੁਚਾ ਦੇ।

ਕਦ ਤੱਕ ਦੂਰ ਰੱਖੇਂਗਾ
ਮੈਨੂੰ ਮੇਰੇ ਮਹਿਰਮ ਕੋਲੋਂ
ਵਿਛੜਿਆਂ ਨੂੰ ਮਿਲਾਵਨ ਵਾਲੇ
ਮੈਨੂੰ ਮੇਰੇ ਸਾਜਨ ਨਾਲ ਮਿਲਾਦੇ।

ਦੂਰ ਹੀ ਜੇ ਉਸ ਤੋਂ ਰੱਖਣਾ
ਤਾਂ ਦੇ ਮੈਨੂੰ ਵਰ ਕੋਈ ਐਸਾ
ਕਿ ਸਿਫ਼ਤ ਲਿਖਾਂ ਮੈਂ ਉਸ ਦੀ
ਮੈਨੂੰ ਐਸਾ ਸ਼ਾਇਰ ਬਣਾਦੇ।

ਨਜ਼ਮਾਂ ਦੇ ਵਿੱਚ ਤਰਾਸ਼ਾ ਉਸਨੂੰ
ਤੇਗੀਤਾਂ ਦੇ ਵਿੱਚ ਗਾਵਾਂ
ਸੱਜਣਾ ਦੀ ਜੋ ਸਿਫ਼ਤ ਕਰੇ
ਉਹ ਕਲਮ ਮੈਨੂੰ ਫੜਾ ਦੇ।



ਜਾਂ ਸਾਹਾਂ ਦੀ ਡੋਰ ਤੂੰ ਜੋ ਛੱਡੀ
ਸਾਰੀ ਵਾਪਸ ਤੂੰ ਖਿੱਚ ਲੈ
ਮਿੱਟੀ ਦਾ ਮੈਂ ਬਣਿਆਂ ਪੁੱਤਲਾ
ਮੈਨੂੰ ਮਿੱਟੀ ਵਿੱਚ ਮਿਲਾ ਦੇ।

ਸਭ ਜਨਮਾਂ ਦਾ ਲੇਖਾ ਜ਼ੋਖ਼ਾ
ਇਸ ਜਨਮੇਂ ਮੁਕਾ ਦੇ
ਐ ਨੀਲ ਕੰਠ ਦਿਆ ਮਾਲਕਾ
ਮੈਨੂੰ ਸਾਰਾ ਜ਼ਹਿਰ ਪਿਲਾ ਦੇ।

✫✫✫✫✫

# ਚਿਹਰੇ ਫ਼ਕੀਰਾਂ ਦੇ

ਪੱਛਮ ਵਿੱਚ ਸਾਰੇ ਸੂਰਜ
ਜਾਕੇ ਢਲ਼ ਗਏ ਨੇ।
ਸ਼ਤੰਰਜ਼ ਦੀ ਬਾਜ਼ੀ ਦੇ
ਸਾਰੇ ਮੋਹਰੇ ਬਦਲ ਗਏ ਨੇ।

ਅੱਜ ਤੱਕ ਓਸ ਸ਼ਮਸ਼ਾਨ ਤੋਂ
ਮੁੜਕੇ ਕੋਈ ਨਾ ਪਰਤਿਆ
ਬਥੇਰੇ ਮੇਰੇ ਸ਼ਹਿਰ ਵਿਚੋਂ
ਰਹਿਬਰਾਂ ਦੇ ਦਲ ਗਏ ਨੇ।

ਸੱਚ ਤੇ ਝੂਠ ਦਾ ਦਾਇਰਾ
ਇੰਨਾਂ ਕੁ ਘੱਟ ਗਿਆ ਹੈ
ਕਿ ਚਿਹਰੇ ਫ਼ਕੀਰਾਂ ਦੇ ਵੀ
ਕਾਫ਼ਰਾਂ ਨਾਲ਼ ਹੀ ਰਲ਼ ਗਏ
ਨੇ।

✫✫✫✫✫

## ਮੈਨੂੰ ਜੋ ਜਾਨਣਾ ਚਾਹੀਦਾ ਸੀ

ਮੈਂ ਵੀ ਨਹੀਂ ਚਾਹੁੰਦਾ ਸੀ
ਪੜ੍ਹਨਾ........
ਪਰ ਸਕੂਲ ਵਿੱਚ ਆਉਂਦੇ
ਵਜੀਫ਼ੇ ਦੇ ਲਾਰਿਆਂ ਨੇ
ਮੇਰੇ ਕੰਨ ਫੜਾਈ ਰੱਖੇ
ਮੈਨੂੰ ਮੁਰਗਾ ਬਣਾਈ ਰੱਖਿਆ।

ਤੇ ਮੈਂ ਢੋਂਦਾ ਰਿਹਾ
ਸਾਰਾ ਹੀ ਬਚਪਨ
ਏ ਬੀ ਸੀ ਤੇ ਉੜੇ ਐੜੇ ਦੀਆਂ
ਸਿਊਂਕ ਖਾਦੀਆਂ ਕਿਤਾਬਾਂ
ਜੇ ਮੈਂ ਖੇਡਦਾ ਰਹਿੰਦਾ
ਕਬੱਡੀ ਖੋ ਖੋ ਬਾਲੀ ਬਾਲ
ਰੱਸਾ ਕੱਸੀ
ਨਹੀਂ ਜਾਣ ਸਕਦਾ ਸੀ
ਦੇਸ਼ ਵਿੱਚ ਹੋ ਰਹੇ
ਘੁਟਾਲਿਆਂ ਦੇ ਸਿਲਸਿਲੇ ਨੂੰ।

ਜੇ ਮੈਂ
ਪੜ੍ਹਦਾ ਰਹਿੰਦਾ ਸਾਜ਼ਿਸ਼ਾਂ ਭਰਿਆਂ
ਭਾਰਤ ਦਾ ਇਤਿਹਾਸ
ਤੇ ਨਾ ਹੀ ਜਾਣ ਸਕਦਾ ਸੀ
ਇਹ ਸੀ ਬੀ ਆਈ ਕਿਉਂ
ਕਰਦੀ ਹੈ ਨੇਤਾਵਾਂ ਦੇ ਫ਼ੋਨ ਟਾਈਪ



ਤੇ ਕਿਉਂ ਨਹੀਂ ਹੋ ਸਕਿਆ
84 ਦੇ ਦੰਗਿਆਂ ਦਾ ਹਿਸਾਬ।

ਜੇ ਮੈਂ ਲਿਖਦਾ ਰਹਿੰਦਾ
ਕਲਾਸ ਰੂਮ ਵਿੱਚ
ਆਪਣੀ ਮਹਿਬੂਬ ਦਾ ਨਾਂ
ਤੇ ਸਮਝ ਨਹੀਂ ਸਕਦਾ ਸੀ
ਸੰਸਦ ਇੱਕ ਮੰਦਰ ਹੈ
ਇਸ ਮੰਦਰ ਵਿੱਚ
ਲੀਡਰਾਂ ਦੀ ਭੀੜ
ਕਿਹੜੇ ਗੁਲ ਖਿਡਾਂਓਦੀ ਹੈ।

ਮੈਂ ਲਾਸ਼ਾਂ ਦੀਆਂ ਬੋਟੀਆਂ
ਚੁਗਦਾ ਚੁਗਦਾ
ਜਾਣ ਗਿਆ ਹਾਂ
ਕਿ ਇਹ ਸਾਡੇ ਆਦਰਸ਼ਾ ਦੀ
ਕਰਤੂਤ ਹੈ
ਸਾਡਾ ਗੁਆਂਢੀ ਤੇ ਉਹ
ਹੁਣ ਸਾਨੂੰ ਹੀ ਠੋਕਣ ਤੇ
ਆਮਾਦਾਂ ਹਨ।

ਉਂਝ ਤੇ ਉਹ ਵੀ ਜਾਣਦੇ ਹਨ
ਪੁੱਠੇ ਤੇ ਸਿੱਧੇ ਝੰਡੇ ਦਾ ਅਰਥ
ਹੁਣ ਮੈਂ ਸਭ ਕੁਝ
ਜਾਣਦਾ ਹੋਇਆਂ ਵੀ
ਕੰਮ ਤੇ ਜਾਦਾਂ ਹਾਂ
ਸਾਇਕਲ ਦੇ ਡੰਡੇ ਨਾਲ
ਚਿੱਬਾ ਡੱਬਾ ਸੇਬੇ ਨਾਲ ਬੰਨ ਕੇ
ਇਹ ਜਾਣਦਾ ਹੋਇਆਂ

ਕਿ ਕਿਤੇ ਨਹੀਂ ਜਾਏਗਾ
ਮਹਿਬੂਬ ਦੇ ਚਲੇ ਜਾਣ ਦਾ ਗ਼ਮ
ਜਿਸਦਾ ਮੈਂ ਢਾਲ ਨਾ ਸਕਿਆਂ
ਮੋਮ ਵਰਗਾ ਜਿਸਮ
ਆਪਣੇ ਬਾਹਾਂ ਦੇ ਕਲਾਵੇ ਵਿੱਚ।

ਕਿੰਨਾਂ ਅਜੀਬ ਹੈ ਦੋਸਤੋ!
ਮੈਨੂੰ ਜੋ ਜਾਨਣਾ ਚਾਹੀਦਾ ਸੀ
ਉਹ ਅਲਜ਼ਬਰੇ ਦੇ ਸਵਾਲ ਸਨ
ਸ਼ੰਕੂ ਦੇ ਤਲ ਦਾ ਵਿਆਸ ਸੀ
ਗੁਣਾਂ ਤਕਸੀਮ ਦੇ ਸਵਾਲ ਸਨ
ਪਾਈਥਾ ਗੋਰਸ ਦਾ ਸਿਧਾਂਤਸੀ।

✰✰✰✰✰

## ਇੱਕ ਸ਼ਹਿਰ

ਪਿਆਸੇ ਨੂੰ ਪਾਣੀ ਮਿਲਦਾ ਹੈ
ਨਾ ਭੁੱਖੇ ਨੂੰ ਰੋਟੀ ਮਿਲਦੀ ਹੈ
ਆਉ ਦੇਖੀਏ ਇਸ ਸ਼ਹਿਰ ਵਿੱਚ
ਕਿਸ ਕਿਸ ਨੂੰ ਜ਼ਿੰਦਗੀ ਮਿਲਦੀ ਹੈ।

ਕਿਸ ਦੇ ਤਨ ਤੇ ਕੱਪੜੇ ਨੇ
ਕਿਸ ਦਾ ਝੱਗਾ ਪਾਟਾ ਹੈ
ਕਿਸ ਦੇ ਹਿੱਸੇ ਤਾਜ ਮਹਿਲ
ਕਿਸ ਨੂੰ ਅੱਤ ਦੀ ਤੰਗੀ ਮਿਲਦੀ ਹੈ।

ਝੂਠ ਦੇ ਹੜ ਵਿੱਚ ਹੜਦਾ ਹੈ
ਕੌਣ ਸੱਚ ਦੀ ਸੂਲੀ ਚੜਦਾ ਹੈ
ਕਿਸ ਦੇ ਹਿੱਸੇ 'ਰਾਮ' ਆਉਂਦਾ ਹੈ
ਕਿਸ ਕਿਸ ਨੂੰ ਬੰਦਗੀ ਮਿਲਦੀ ਹੈ।

✰✰✰✰✰



## ਫ਼ਰਮਾਨ

ਕੁਰਸੀ ਖ਼ਤਰੇ ਵਿਚ ਹੈ
ਸਾਰਾ ਸ਼ਹਿਰ ਬਾਲ ਦਿਓ
ਅੱਧੀ ਰਾਤੀਂ ਤਖ਼ਤੇ ਤੋਂ
ਇਹ ਫ਼ਰਮਾਨ ਆਇਆ ਹੈ।

ਇਸ ਸ਼ਹਿਰ ਦੀ ਸਭ ਤੋਂ ਸੋਹਣੀ
ਕੰਜਕ ਚੁੱਕ ਕੇ ਲੈ ਆਓ
ਸਾਡੇ ਘਰ ਰਾਜਧਾਨੀ ਤੋਂ
ਖ਼ਾਸ ਮਹਿਮਾਨ ਆਇਆ ਹੈ।

ਬਿਜਲੀ ਕੜਕੀ ਸੁਣਕੇ
ਸੁੱਤੇ ਲੋਕ ਤ੍ਰਬਕ ਉੱਠੇ
ਸੋਚਣ ਫਿਰ ਕੋਈ,ਟੁੱਟਣ
ਅਸਮਾਨ ਆਇਆ ਹੈ।

ਆਪਣੇ ਹੱਥੀਂ ਸਾੜਿਆ ਕੇ
ਮਸੂਮ ਸ਼ਹਿਰ ਨੂੰ
ਕਾਤਲਾ ਦੇ ਲੱਭਣ ਉਹ
ਨਿਸ਼ਾਨ ਆਇਆ ਹੈ।

✰✰✰✰✰

# ਤੈਥੋਂ ਬਿੰਨਾਂ

ਤੈਥੋਂ ਬਿੰਨਾਂ!
ਸੋਨੀਆਂ ਦੇ ਵਾਦੇ
ਲਾਲੂ ਦੀ ਸਿਆਸਤ
ਅਡਵਾਨੀ ਦੀਆਂ ਗੱਲਾਂ
ਮੇਰੇ ਵਿਰੁੱਧ ਸ਼ਾਜਿਸ਼
ਘੜਦੀਆਂ ਪ੍ਰਤੀਤ ਹੁੰਦੀਆਂ ਹਨ।

ਤੈਥੋਂ ਬਿੰਨਾਂ ਵੋਟਾਂ ਦੇ ਦਿਨਾਂ ਵਿੱਚ
ਡੁੱਲੀ ਸ਼ਰਾਬ ਤੇ
ਟੁੱਟਾ ਪਊਆ ਹੁੰਦਾ ਹਾਂ।

ਤੈਥੋਂ ਬਿੰਨਾਂ
ਪੰਜ ਮਿੰਟ ਲਈ ਸਥਗਿਤ
ਭਾਰਤ ਦਾ ਸੰਸਦ ਤੇ
ਮੁਦਿਆਂ ਨਾਲ ਹੋ ਰਿਹਾ
ਮਜ਼ਾਕ ਹੁੰਦਾ ਹਾਂ।

ਤੈਥੋਂ ਬਿੰਨਾਂ
ਅਮਰੀਕਾ ਅੱਗੇ ਰੱਖੀ
ਮੰਗ ਤੇ
ਪਾਕਿਸਤਾਨ ਵੱਲ ਵਧਿਆ
ਦੋਸਤੀ ਦਾ ਹੱਥ ਹੁੰਦਾ ਹਾਂ।

ਤੈਥੋਂ ਬਿੰਨਾਂ
ਵਿਜਯ ਦਿਵਸ ਤੇ
ਕਾਰਗਿਲ ਦੇ
ਸ਼ਹੀਦ ਜਵਾਨਾਂ ਨੂੰ
ਫੁੱਲ ਚੜਾਉਂਦਾ
ਇੱਕ ਭ੍ਰਿਸ਼ਟ
ਸਰੀਰ ਹੁੰਦਾ ਹਾਂ।



ਤੈਨੂੰ ਨਹੀਂ ਪਤਾ
ਤੈਥੋਂ ਬਿੰਨਾਂ
ਕੁਝ ਹੋਰ ਸੋਚਣਾ
ਇਸ ਵਿਵਸਥਾ ਬਾਰੇ
ਕਿੰਨਾਂ ਵੱਡਾ ਅਪਰਾਧ ਹੈ
ਮੇਰੇ ਲਈ!
ਇਸ ਲਈ ਤੈਥੋਂ ਬਿੰਨਾਂ
ਖੂਹ ਤੇ ਅਰਦਾਸ ਕਰਦਾ
ਰਾਮੂ ਤੇ
ਤੰਮਾਕੂ ਮਲਦਾ
ਇੱਕ ਜੱਟ ਦਾ ਪੁੱਤ ਹੁੰਦਾ ਹਾਂ
ਕਾਮੇ ਬੁੜੇ ਦੀ ਦੁੱਖਦੀ ਦਾੜ ਥੱਲੇ
ਭਿਓਂ ਕੇ ਰੱਖੇ ਲੌਂਗ ਦੇ ਤੇਲ ਦਾ
ਤੂੰਬਾ ਹੁੰਦਾ ਹਾਂ।

ਜੇ ਤੂੰ  ਲਿਆ ਹੁੰਦਾ
ਇਸ ਭੋਲੇ ਜਿਹੇ ਬੰਦੇ ਨੂੰ
ਆਪਣੀਆਂ ਬਾਹਾਂ ਦੇ ਕਲਾਵੇ ਵਿੱਚ
ਤੇ ਮੈਂ
ਦੁਨੀਆਂ ਨੂੰ ਧਮਕੀ ਦੇ ਕੇ
ਲਾਦੇਨ ਮੂੰਹੋਂ ਉਗਲਿਆਂ
ਜ਼ਹਿਰ ਨਾ ਹੁੰਦਾ।

ਤੈਥੋਂ ਬਿੰਨਾਂ
ਅਸਲ ਵਿੱਚ ਮੈਂ
ਹਥਿਆਰਾਂ ਦੀ ਖੋਜ਼ 'ਚ ਲਗਿਆ
ਮਿਰਜ਼ਾ ਹਾਂ
ਮੈਂ ਟੋਹ ਲੈਂਦਾ ਹਾਂ
ਨਾਸਾ ਤੇ ਰੂਸ ਦੇ
ਪੁਲਾੜ ਵਲ ਜਾਂਦੇ
ਰਾਕਟਾਂ ਨੂੰ
ਮੈਂਨੂੰ ਪਤਾ ਹੈ
ਉਹ ਕੀ ਕਰਦੇ ਹਨ।

ਤੈਥੋਂ ਬਿੰਨਾਂ
ਤੇਰੇ ਦਿਲ ਦੀ
ਗਹਿਰਾਈ
ਅੱਖਾਂ ਦੀ ਨਿਸ਼ਕਾਮਤਾ
ਢਹਿੰਦੀਆਂ ਇਮਾਰਤਾਂ
ਮਚਦੀ ਵਾਦੀ
ਬੜਾ ਕੁਝ ਸੋਚਣ ਲਈ
ਮਜ਼ਬੂਰ ਕਰਦੀ ਹੈ
ਪਰ ਮੈਂ ਜੋ ਵੀ ਤੇ ਜਿੱਥੇ ਵੀ ਹੁੰਦਾ ਹਾਂ
ਤੇਰੇ ਲਈ ਤੇ
ਤੈਥੋਂ ਬਿੰਨਾਂ ਹੁੰਦਾ ਹਾਂ।

✫✫✫✫✫

## ਚਿੜੀਆਂ ਦੇ ਹੌਸਲੇ

ਟਕਰਾਉਂਣ ਦੀ ਗਲਤੀ ਕਰਦੇ ਨੇ ਉਹ
ਜਾਣਦੇ ਨਹੀਂ ਜੋ ਚਿੜੀਆਂ ਦੇ ਹੌਂਸਲੇ।

ਨਿਤਾਣੇ ਨਿਤਰ ਦੇ ਜਦ ਵੀ ਮੈਦਾਨ ਅੰਦਰ
ਠੰਡੇ ਪੈ ਜਾਂਦੇ ਨੇ ਫਿਰ ਬਾਜ਼ਾਂ ਦੇ ਹੌਂਸਲੇ।

ਇਨਕਲਾਬ ਆਪਣਾ ਰੰਗ ਦਿਖਾਉਂਦਾ ਹੈ ਜਦ ਵੀ
ਬੁੱਲੇ ਹਵਾ ਦੇ ਵੀ ਚੀਰ ਜਾਂਦੇ ਨੇ ਪਹਾੜਾਂ ਦੇ ਹੌਂਸਲੇ।

ਉਹ ਕਰਦਾ ਹੈ ਜੁਗਲਬੰਦੀਆਂ ਜਦ ਵੀ
ਢਹਿ ਢੇਰੀ ਹੋ ਜਾਂਦੇ ਨੇ ਫਿਰ ਇਨਸਾਨਾਂ ਦੇ ਹੌਂਸਲੇ।

ਚੁਰਾਓ ਨਾ ਦੋਸਤੋ ਕਲੀਆਂ ਤੋਂ ਸ਼ੋਖੀਆਂ
ਦੇਖੇ ਨਹੀਂ ਅਜੇ ਤੁਸੀਂ ਕੰਡਿਆਂ ਦੇ ਹੌਂਸਲੇ।

✫✫✫✫✫



## ਤੇਰੇ ਜਾਣ ਤੋਂ ਬਾਅਦ

ਤੇਰੀ ਉਡੀਕ ਹੋਵੇਗੀ
ਤੇਰੀ ਆਸ ਹੋਵੇਗੀ।
ਬੁੱਲਾਂ ਤੇ ਮੇਰੇ ਉਮਰ ਭਰ
ਇੱਕ ਪਿਆਸ ਹੋਵੇਗੀ।

ਲੱਖਾਂ ਹੀ ਫੁੱਲ ਮਹਿਕਣਗੇ
ਤੇਰੇ ਜਾਣ ਤੋਂ ਬਾਅਦ
ਬਿੰਨਾਂ ਤੇਰੇ ਇਹ ਜ਼ਿੰਦਗੀ
ਨਿਰਾਸ਼ ਹੋਵੇਗੀ।

ਤੇਰਿਆਂ ਨੈਣਾਂ ਨੂੰ
ਮੇਰੇ ਨੈਣ ਲਭਣਗੇ
ਗੁਆਚ ਗਏ ਦੋ ਨੈਣਾਂ ਦੀ
ਸਦਾ ਤਲਾਸ਼ ਹੋਵੇਗੀ।

ਜ਼ਿੰਦਗੀ ਦੇ ਇਸ ਬੂਹੇ ਤੇ
ਬੁੱਤ ਬਣਿਆਂ ਰਹਾਂਗਾ
ਯਾਦਾਂ ਦਾ ਸਾਹ ਲੈਂਦੀ
ਮੇਰੀ ਲਾਸ਼ ਹੋਵੇਗੀ।

ਜ਼ਿੰਦਗੀ ਦੀ ਏਹ ਸੁੰਨੀ ਕਿਸ਼ਤੀ
ਕਿੱਧਰ ਨੂੰ ਜਾਵੇਗੀ
ਯਾਦਾਂ ਦੇ ਵਿੱਚ ਭਟਕਦੀ
ਤੇਰੇ ਪਾਸ ਹੋਵੇਗੀ।

✫✫✫✫✫

## ਲੋਰੀਆਂ

ਟੁੱਟ ਚੱਲੀਆਂ ਨੀ ਦੇਖ ਮਾਏ
ਸਾਹਾਂ ਦੀਆਂ ਡੋਰੀਆਂ।
ਦੇ-ਦੇ ਨੀ ਅੰਮੀਏਂ ਤੂੰ ਲੋਰੀਆਂ
ਦੇ-ਦੇ ਨੀ ਅੰਮੀਏਂ ਤੂੰ ਲੋਰੀਆਂ।

ਸਾਰੀ ਉਮਰਾਂ ਤਰਸੇ ਹਾਂ
ਬਦਲਾ ਵਾਂਗੂੰ ਬਰਸੇ ਹਾਂ
ਕਰਕੇ ਕੋਈ ਲੈ ਗਿਆ
ਸਾਡੇ ਹਾਸੇ ਦੀਆਂ ਚੋਰੀਆਂ।

ਜਿਸ ਮੌਸਮ ਨੂੰ ਰੋਂਦੀਆਂ ਸੀ
ਉਸ ਮੌਸਮ ਨੇ ਕੋਇਲਾਂ ਨਾਲ
ਸਦੀਆਂ ਪਿੱਛੋਂ ਆਣ
ਗੱਲਾਂ ਕੀਤੀਆਂ ਨੇ ਕੋਰੀਆਂ।

ਰਿਸ਼ਤੇ ਨਾ ਤੋੜ ਮਾਏਂ
ਨਾ ਮੁਖ ਸਾਥੋਂ ਮੋੜ ਮਾਏਂ
ਅੱਗੇ ਸਾਨੂੰ ਜ਼ਿੰਦਗੀ ਨੇ
ਸੱਟਾਂ ਦਿੱਤੀਆਂ ਥੋਹੜੀਆਂ।

ਗਮਾਂ ਦਾ ਮਾਰਿਆ ਹਾਂ
ਗੋਦੀ ਚ ਸੁਲਾ ਲੈ ਮਾਏਂ
ਪੁੱਛ ਨਾ ਕਿੰਝ ਬੀਤੀ
ਨਾ ਪੁੱਛ ਕਿੱਦਾਂ ਟੁਟੀਆਂ
ਜੋੜੀਆਂ।

✰✰✰✰✰



## ਮੇਰੀ ਉਡੀਕ

ਕਿਸੇ ਕੋਨੇ
ਧੜਕਦਾ ਹੋਵੇਗਾ....
ਇੱਕ....
ਦੋ ਵਾਰ
ਤੇਰਾ ਵੀ
ਮੁਹੱਬਤ ਭਰਿਆ ਦਿਲ।
ਸਰਦੀਆਂ ਦੀ ਧੁੱਪੇ
ਗਿੱਲੇ ਵਾਲ ਸਕਾਉਂਦੀ
ਗੋਡਿਆਂ ਤੇ ਠੋਡੀ ਰੱਖਕੇ
ਸੋਚਦੀ ਹੋਵੇਂਗੀ
ਤੇ ਤੂੰ ਵੀ ਜਰੂਰ
ਪੱਤਲੀਆਂ ਉਂਗਲਾਂ ਨਾਲ
ਮਿੱਟੀ ਤੇ ਲਿਖਦੀ ਹੋਵੇਂਗੀ
ਇੱਕ ਨਾਂ!
ਕਦਮਾਂ ਦੀ ਆਹਟ ਸੁਣ
ਕਾਹਲ਼ੀ ਕਾਹਲ਼ੀ
ਅਬੜਵਾਹੇ
ਮਿਟਾ ਦਿੰਦੀ ਹੋਵੇਂਗੀ
ਲਿਖਿਆਂ ਨਾਂ।
ਬੈ ਚੈਨ ਹੋ
ਚੁੰਨੀ ਸਿਰ ਤੋਂ ਲਾਹ
ਹੱਥਾਂ 'ਚ ਲਟਕਾਈ
ਨੰਗੇ ਪੈਰੀਂ
ਸੁਪਨਿਆਂ ਦੇ ਖੰਬਾਂ ਪਿੱਛੋਂ
ਦੋੜ ਪੈਂਦੀ ਹੋਵੇਂਗੀ ਜਰੂਰ।
ਤੇਰੇ ਜਿਸਮ ਦੀ ਮਹਿਕ ਨਾਲ
ਮਹਿਕ ਉਠਦਾ ਹੋਵੇਗਾ
ਪਲ ਦੋ ਪਲ ਲਈ ਬਾਗ਼
ਸਾਰੇ ਹੀ ਭੌਰੇ

ਲਲਚਾ ਉੱਠਦੇ ਹੋਣਗੇ
ਜੋਬਨ ਦੀ ਕਟੋਰੀ 'ਚ
ਉਛਲਦੇ ਰਸ ਨੂੰ ਪੀਣ ਲਈ।
ਤੇਰਿਆਂ ਮਿਰਗ ਨੈਣੀ ਨੈਣਾਂ ਚ
ਹੰਝੂਆਂ ਦੇ ਦਰਿਆ
ਚੜ੍ਹ ਆਉਂਦੇ ਹੋਣਗੇ
ਸਾਹਮਣੇ ਮੈਨੂੰ ਨਾ ਪਾਕੇ।
ਇਹ ਵੀ ਹੋ ਸਕਦੈ
ਮੈਂ ਜੋ ਸੋਚਦਾ ਹਾਂ
ਉਸਦੇ ਉੱਲਟ ਹੋ ਰਿਹਾ ਹੋਵੇ
ਤੇ ਤੂੰ
ਪਾੜ ਕੇ ਸੁਟ ਦਿੱਤੇ ਹੋਣਗੇ
ਮੁਹੱਬਤਾਂ ਭਰੇ ਖ਼ੱਤ
ਪੈਰ ਨਾਲ ਮਿਟਾਏ ਮੇਰੇ ਨਾਂ ਵਾਂਗਰਾਂ
ਮਿਟਾ ਲਿਆ ਹੋਵੇਗਾ
ਆਪਣੇ ਜ਼ਿਹਨ 'ਚੋਂ ਮੇਰਾ ਖਿਆਲ।
ਹੋ ਸਕਦਾ ਹੈ
ਮੇਰੀਏ ਸ਼ਹਿਜ਼ਾਦੀਏ
ਤੂੰ ਭੁੱਲ ਗਈ ਹੋਵੇਂਗੀ
ਨਾ ਚਾਹੁੰਦੀ ਹੋਈ ਵੀ
ਮੇਰੇ ਨਾਲ ਬਿਤਾਈਆਂ
ਉਨ੍ਹਾਂ ਧੁੱਪਾਂ ਛਾਵਾਂ ਨੂੰ
ਪਿੱਪਲਾਂ ਦੀਆਂ ਪੀਘਾਂ ਨੂੰ
ਤੀਜ ਤਿਹਾਰਾਂ ਨੂੰ
ਸ਼ਾਇਦ ਹੁਣ ਤੂੰ ਕਦੇ
ਯਾਦ ਵੀ ਨਹੀਂ ਕਰੇਂਗੀ
ਇਨਾਂ ਨੂੰ ।
ਤੂੰ ਕਦੇ ਨਹੀਂ ਪਰਤੇਗੀਂ
ਮੈਂ ਜਾਣਦਾ ਹਾਂ
ਪਰ ਮੇਰੀ ਉਡੀਕ
ਅਜੇ ਵੀ ਬਾਕੀ ਹੈ
ਤੇ ਬਾਕੀ ਰਹੇਗੀ...॥

✫✫✫✫✫



# ਮਾਤਮ ਹੀ ਮਾਤਮ

ਕਾ਼ਗਜ਼ ਲਟਕੇ ਸੂਲੀ ਤੇ
ਸਹਿਕ ਰਹੀ ਹੈ ਕਲਮ
ਲਫ਼ਜ਼ ਉਦਾਸ
ਮਹਿਮੇ ਮਹਿਮੇ ਨੇ ਗੀਤ
ਸੋਚਦੀ ਪਈ ਹੈ
ਕਵਿਤਾ.....

ਸੰਵੇਦਨਾ ਕਵੀ ਦੀ
ਕਲਪਨਾ ਕਵੀ ਦੀ
ਝਾਕ ਰਹੀ ਹਨੇਰ ਅੰਦਰ
ਉੱਲੂਆਂ ਵਾਂਗ....

ਪੱਤ ਲੁੱਟ ਰਹੀ ਔਰਤ ਦੀ
ਮਰ ਰਿਹਾ ਖ਼ੁਦਾ
ਸਹਿਮੇ ਨੇ ਲੋਕ
ਚੀਕ ਚਿਹਾੜਾ
ਅੱਗ ਹੀ ਅੱਗ
ਸੜ ਰਹੇ ਗ੍ਰੰਥ ਪੁਰਾਨ।

ਨਾ ਅਮਨ
ਨਾ ਹੀ ਚੈਨ
ਨਾ ਖ਼ੁਸ਼ੀਆਂ
ਨਾ ਵਧਾਇਆਂ
ਨਫ਼ਰਤ ਹੀ ਨਫ਼ਰਤ
ਕੀ ਹੈ ਤੇਰੀ ਦੁਨੀਆਂ
ਮਾਤਮ ਹੀ ਮਾਤਮ....
ਮਾਤਮ ਹੀ ਮਾਤਮ....॥

✫✫✫✫✫

## ਜ਼ਿੰਦਗੀ

ਇਹ ਕੀ ਵਾਕਿਆ ਹੈ
ਅਸੀਂ ਜ਼ਿੰਦਗੀ ਜਿਉਂਣ ਆਉਂਦੇ ਹਾਂ
ਪਰ ਸਾਨੂੰ ਜ਼ਿੰਦਗੀ ਜਿਉਂਣ ਦਾ
ਮੌਕਾ ਨਹੀਂ ਮਿਲਦਾ
ਤੇ ਜਦ ਮੌਕਾ ਮਿਲਦਾ ਹੈ।

ਜ਼ਿੰਦਗੀ ਸਾਡੇ ਤੋਂ
ਤੇ ਅਸੀਂ ਜ਼ਿੰਦਗੀ ਤੋਂ
ਹਾਰ ਚੁੱਕੇ ਹੁੰਦੇ ਹਾਂ
ਅਸੀਂ ਮਾਂ ਦੀ ਕੁੱਖ ਤੋਂ
ਸ਼ਮਸ਼ਾਨ ਤੱਕ ਦਾ
ਪੈਂਡਾਂ ਤੈਅ ਕਰਦੇ ਹਾਂ
ਤੇ ਸਮਝ ਨਹੀਂ ਪਾਉਂਦੇ
ਜ਼ਿੰਦਗੀ ਦੀ ਪਰਿਭਾਸ਼ਾ ਕੀ ਹੈ।

ਫਿਰ ਆਖ਼ਰ ਤੇ
ਇਤਿਹਾਸੀ ਹਰਫ਼ਾ ਨਾਲ
ਲਿਖ ਦਿੱਤਾ ਜਾਂਦਾ ਹੈ
ਇਨਸਾਨ ਦੀ ਇਕ ਜਾਤ ਆਈ
ਤੇ ਧਰਤੀ ਤੇ
ਖਲਾਰਾ ਪਾ ਕੇ ਚਲੀ ਗਈ
ਇਸ ਤੋਂ ਇਲਾਵਾ ਹੋਰ ਕੁਝ ਨਹੀਂ ਹੈ
ਸਾਡੀ ਜ਼ਿੰਦਗੀ।

✫✫✫✫✫



## ਯਾਦਾਂ ਦੇ ਖੰਡਰ

ਕਿਉਂ ਜ਼ਖਮਾਂ ਦੇ ਨਿਸ਼ਾਨਾਂ ਨੂੰ
ਕੁਰੇਦਦੇ ਹੋ
ਮਹਿਫ਼ਲ-ਮਹਿਫ਼ਲ ਹਰ ਵਾਰ
ਕਿਉਂ
ਛੇੜ ਬੈਠਦੇ ਹੋ
ਉਹੀ ਕਹਾਣੀ
ਕਿਉਂ ਪੁੱਛਦੇ ਹੋ?
ਹਰ ਵਾਰੀ ਉਸ ਵਾਰੇ
ਜਿਸ ਨੂੰ ਮੈ ਕਿਤੇ ਦੂਰ
ਵਕਤ ਦੇ ਹਿੱਕ ਅੰਦਰ
ਦੱਬ ਆਇਆਂ ਹਾਂ....
ਜਦ ਵੀ ਤੁਹਾਡੀ ਪੁੱਛਗਿੱਛ ਤੋਂ
ਤੰਗ ਆ ਕੇ ਅਤੀਤ ਦੀਆਂ
ਤੈਹਾਂ ਅੰਦਰ ਝਾਤੀ ਮਾਰਦਾ ਹਾਂ
ਤਾਂ ਪਾਉਂਦਾ ਹਾਂ
ਉੱਥੇ ਤਾਂ ਸਿਰਫ ਹਨ
ਯਾਦਾਂ ਦੇ ਖੰਡਰ ਤੇ
ਸਾਂ ਸਾਂ ਕਰਦੀ
ਉੱਡਦੀ ਧੂੜ ਦੇ
ਮਾਤਰ ਕਣ ਹਨ
ਮੁਹੱਬਤ ਦੇ ਹਰਫ਼ ਨੂੰ ਲੱਭਦਾ
ਮੈਂ ਵੀ ਧੂੜ ਦੇ ਅੰਦਰ
ਕਿਤੇ ਦੱਬ ਜਾਦਾਂ ਹਾਂ
ਤਪਦੀ ਰੇਤ ਵਗਦੀ ਹਵਾ
ਮੇਰੇ ਅੰਗਾਂ ਨੂੰ ਛੂਹਦੀ ਹੈ
ਤਾਂ ਜ਼ਖ਼ਮ ਹਰੇ ਹੋ ਜਾਂਦੇ ਹਨ।
ਦਰਦ ਚੀਕ ਉੱਠਦੇ ਹਨ
ਤੁਸੀਂ ਹਰ ਵਾਰ
ਕਿਉਂ ਛੇੜ ਬੈਠਦੇ ਹੋ
ਉਹੀ ਕਹਾਣੀ।

ਵਕਤ ਹੋ ਕੇ ਗੁਜਰੇ ਪਲਾਂ ਨੂੰ
ਪੁਰਾਣੇ ਦਿਨਾਂ ਨੂੰ
ਹੁਣ ਤਾਂ ਮੁਹਬਤਾਂ ਦੇ ਅਸਮਾਨ ਤੋਂ
ਸੂਰਜ ਡਿੱਗਦਾ ਪਿਆ ਹੈ
ਕਾਲਖ਼ ਛਾ ਰਹੀ ਹੈ
ਪੰਛੀ ਮੁੜ ਰਹੇ ਹਨ
ਕੁਦਰਤ ਤੱਕ ਰਹੀ ਹੈ
ਯਾਦਾਂ ਦੇ ਖੰਡਰਾਂ ਵਿੱਚੋ
ਇੱਕ ਦਰਦਨਾਕ ਮੰਜ਼ਰ।

✫✫✫✫✫

## ਦੋਸਤਾ !

ਬਾਹਰ ਬੱਦਲਾਂ 'ਚੋਂ ਆ ਦੋਸਤਾ।
ਤੂੰ ਚੰਨ ਮੁਖੜਾ ਦਿਖਾ ਦੋਸਤਾ।

ਚੂਸ ਗਏ ਨੇ ਵਕਤ ਦੇ ਭੌਰੇ
ਰਸ ਫੁੱਲਾਂ ਨੂੰ ਪਿਲਾ ਦੋਸਤਾ।

ਪਾਣੀਓਂ ਸੱਖਣੇ ਹੋ ਗਏ ਨੇ ਸਰ
ਤੂੰ ਰਾਗ ਮਲਹਾਰ ਗਾ ਦੋਸਤਾ।

ਚੰਨ ਵਾਂਗਰਾਂ ਚੜ੍ਹਕੇ ਅੰਬਰਾਂ ਤੇ
ਰਾਤਾਂ ਨੂੰ ਜ਼ਰਾ ਤੂੰ ਰੁਸ਼ਨਾ ਦੋਸਤਾ।

ਗੁੰਮ ਗਏ ਸਾਡੇ ਹਿੱਸੇ ਦੇ ਸੂਰਜ
ਤੂੰ ਜੀਵਨ ਜੋਤ ਜਗਾ ਦੋਸਤਾ।

✫✫✫✫✫



## ਕਲਯੁੱਗ ਦਾ ਕੁਰੂਕਸ਼ੇਤਰ

ਖੜੇ ਹਨ
ਇਸ ਵਾਰ ਹੱਥਾਂ 'ਚ
ਹਥਿਆਰ ਚੁੱਕੀ
ਸਾਰੇ ਹੀ ਸੂਰਬੀਰ
ਮਹਾਂਰਥੀ
ਸ਼ਤਰੰਜ਼ ਦੇ ਮੋਹਰਿਆਂ ਵਾਂਗ
ਉਡੀਕ ਕਰਦੇ
ਆਪਣੇ ਵਰਤੇ ਜਾਣ ਦਾ ਸਮਾਂ ਤੇ ਮੌਕਾ
ਯੁੱਧ ਦੇ ਮੈਦਾਨ ਅੰਦਰ....
ਸੈਨਿਕ ਵੀ ਉਹੀ
ਹਥਿਆਰ ਵੀ ਉਹੀ
ਇਸ ਵਾਰ ਦ੍ਰਿਸ਼ ਬਦਲ ਚੁੱਕਾ ਹੈ।

ਹੇ ਅਰਜੁਨ
ਇਸ ਵਾਰ ਦਰੋਣਾਚਾਰੀਆ ਨੇ
ਮੰਗ ਲੈਣੇ ਹਨ
ਤੇਰੇ ਦੋਨੋ ਹੱਥਾਂ ਦੇ ਅੰਗੂਠੇ
ਇਸ ਵਾਰ
ਗੀਤਾ ਉਪਦੇਸ਼ ਦੇਣ ਲਈ
ਕੋਈ ਕ੍ਰਿਸ਼ਨ ਵੀ ਨਹੀਂ ਹੋਵੇਗਾ।

ਤੇਰੇ ਭਰਾ ਵੀ
ਤੇਰੇ ਨਾਲ ਨਹੀਂ ਹੋਣਗੇ
ਜੰਗ ਦੇ ਮੋਹਰੀ
ਜੀਅ ਸਦਕੇ !
ਜਿੱਤ ਦੀ ਵਰਮਾਲ਼ਾ
ਤੇਰੇ ਹੀ ਗਲ਼ ਪਵੇਗੀ
ਇੱਕਲਿਆਂ ਹੁੰਦਿਆਂ ਵੀ
ਕਲਯੁੱਗ ਦਾ ਕੁਰੂਕਸ਼ੇਤਰ
ਤੇਰੇ ਹੀ ਨਾਮ ਜਾਏਗਾ

ਭਾਵੇਂ ਹੀ ਵਰਤਮਾਨ
ਕੌਰਵਾਂ ਨਾਲ ਖੜ੍ਹ ਗਿਆ ਹੈ
ਭਾਵੇਂ ਹੀ ਪਾਸਾ ਪਲਟ ਗਿਆ ਹੈ।

ਇਹ ਲੜਾਈ
ਸੱਚ ਤੇ ਝੂਠ ਦੀ ਲੜਾਈ ਹੈ
ਭਾਵੇਂ ਸੌ ਕ੍ਰਿਸ਼ਨ ਮਿਲਕੇ ਵੀ
ਝੂਠ ਦੇ ਸਾਰਥੀ ਬਣ ਜਾਣ
ਜਿੱਤ ਤਾਂ ਸੱਚ ਦੀ ਹੀ ਹੋਵੇਗੀ।

✫✫✫✫✫

## ਮਗਰ ਹੰਝੂ

ਪਹਿਲਾਂ ਦੰਗੇ ਕਰਾਉਂਦੇ ਨੇ
ਫਿਰ ਚਿੰਤਾ ਜਤਾਉਂਦੇ ਨੇ
ਇਹ ਹੀ ਨੇ ਉਹ ਲੋਕ
ਜੋ ਸਾਡੇ ਘਰ ਜਲਾਉਂਦੇ ਨੇ।

ਉਨਾਂ ਨੂੰ ਕੀ ਪਤਾ ਹੈ
ਝੁਗੀਆਂ ਦੀਆਂ ਸੱਮਸਿਆਵਾਂ ਦਾ
ਏ. ਸੀ. ਕਮਰਿਆਂ 'ਚ ਬੈਠ
ਜੋ ਕਾਨੂੰਨ ਬਣਾਉਂਦੇ ਨੇ।

ਕੀ ਦੇਵੇਂਗਾ ਸਜਾ ਉਹਨੂੰ
ਦੱਸ ਓ ਦੁਨੀਆਂ ਦੇ ਬਾਦਸ਼ਾਹ
ਸ਼ਹੀਦਾਂ ਦੇ ਕਫ਼ਨਾ ਚੋਂ
ਜਿਹੜੇ ਪੈਸੇ ਕਮਾਉਂਦੇ ਨੇ।

ਕਤਲ ਕਰਦੇ ਅਰਮਾਨਾਂ ਨੂੰ
ਅਰਥੀ ਕੱਢਣ ਉਮੀਦਾਂ ਦੀ
ਖੜਕੇ ਵਿਚ ਸ਼ਮਸ਼ਾਨਾਂ ਦੇ
ਫਿਰ 'ਮਗਰ' ਦੇ ਹੰਝੂ ਵਹਾਉਂਦੇ ਨੇ।

✫✫✫✫✫



## ਆਮ ਆਦਮੀ

ਐ ਆਮ ਆਦਮੀ
ਆ ਆਪਾਂ ਦੋਵੇਂ ਬੈਠੀਏ ਤੇ
ਵਿਚਾਰ ਕਰੀਏ
ਇਸ ਆਜ਼ਾਦ ਭਾਰਤ ਤੋਂ
ਸਾਨੂੰ ਕੀ ਮਿਲਿਆ
ਸਾਨੂੰ ਕਿਸ ਇਨਾਮ ਨਾਲ
ਨਿਵਾਜ਼ਿਆ ਗਿਆ ਹੈ।

ਐ ਆਮ ਆਦਮੀ
ਆ ਨਿਗਾਹ ਫੇਰੀਏ
ਜਿਸ ਬ੍ਰਿਖ ਨੂੰ ਅਸੀਂ
ਸਿੰਜਦੇ ਆਏ ਹਾਂ
ਉਸ ਦੀ ਛਾਂ
ਕਿਸ ਦੇ ਹਿੱਸੇ ਆਈ ਹੈ
ਕੌਣ ਸਾਡੇ ਘਰਾਂ ਦੀ
ਰੌਣਕ ਨੂੰ ਨਿਗਲ ਰਿਹਾ ਹੈ
ਆ ਘੋਖੀਏ!

ਏਹ ਕਾਨੂੰਨ ਦੇ ਹੱਥ ਕੰਡੇ
ਕਿਉਂ ਸਾਡੇ ਤੇ ਹੀ
ਅਪਣਾਏ ਜਾਂਦੇ ਹਨ
ਕਿਉਂ ਸਾਡੇ ਬਨੇਰਿਆਂ ਤੇ ਹੀ
ਕਾਂਵਾਂ ਚਿੜੀਆਂ ਦਾ
ਮਾਤਮ ਰਹਿੰਦਾ ਹੈ।

ਹਰ ਵਾਰ ਕਿਉਂ
ਸਾਡੇ ਬੋਟ
ਬਾਜ਼ਾਂ ਦੀ ਖੁਰਾਕ ਬਣਦੇ ਹਨ ?

ਕਿਉਂ ਸਾਡੇ ਆਹਲਣਿਆਂ ਨੂੰ ਹਰ ਵਾਰ
ਅੱਗ ਦੇ ਨਾਲ ਨਿਵਾਜ਼ਿਆ ਜਾਂਦਾ ਹੈ
ਐ ਕੁੱਲੀ ਚ ਵੱਸਦੇ
ਵਕਤ ਦੇ ਬਾਦਸ਼ਾਹ
ਆ ਦੇਖੀਏ
ਆਪਣੇ ਸੁਪਨਿਆਂ ਦੇ ਦੇਸ਼
ਸਾਡੀ ਸੋਨੇ ਦੀ ਚਿੜੀ ਦਾ
ਕੀ ਬਣਿਆ ?
ਜਿਸ ਦੇਸ਼ ਦੀ ਆਜ਼ਾਦੀ ਲਈ
ਆਜ਼ਾਦੀ ਦੇ ਪਰਵਾਨੇ
ਹੱਸਕੇ ਹੱਸਕੇ ਫ਼ਾਸੀ ਦੇ ਰੱਸੇ
ਚੁੰਮਿਆਂ ਕਰਦੇ ਸਨ
ਕੀ ਬਣਿਆਂ ਉਸ ਆਜ਼ਾਦੀ ਦਾ।

ਕੀ ਬਣਿਆਂ ਉਸ ਬ੍ਰਿਖ ਦਾ
ਜਿਸ ਨੂੰ ਉਹਨਾਂ
ਆਪਣੇ ਲਹੂ ਨਾਲ ਸਿੰਜਿਆਂ ਸੀ।

✲✲✲✲✲



## ਮੈਂ ਆਜ਼ਾਦ ਹਾਂ

ਮੇਰਾ ਕੀ ਹੈ
ਮੈਂ ਤਾਂ ਆਜ਼ਾਦ ਹਾਂ
ਆਪੇ 'ਚ ਮਸਤ
ਹਵਾ ਦੇ ਬੁੱਲੇ ਵਾਂਗ
ਪੱਤਿਆਂ 'ਚ ਖੇਡਦਾ
ਫੁੱਲਾਂ ਨੂੰ ਪਿਆਰਾ
ਨਮੀ 'ਚ ਨਮੀ
ਘਾਹ ਦੀਆਂ ਕਰੂੰਬਲਾਂ ਤੇ
ਪਈ ਤ੍ਰੇਲ ਹਾਂ......
ਚਮਕਦਾ ਹੀਰਾਂ ਹਾਂ
ਚੰਨ ਦੀ ਧੜਕਨ
ਚਾਂਦਨੀ ਰਾਤ ਦਾ ਸ਼ਿੰਗਾਰ
ਤਾਰਿਆਂ ਦੀ ਟਿਮਕ ਹਾਂ
ਮੈਂ ਮਾਰੂਥਲ ਦੀ ਮ੍ਰਿਗਤ੍ਰਿਸ਼ਨਾ ਹਾਂ
ਸਮੁੰਦਰ ਲਹਿਰਾਂ ਦੀ ਤੜਫ਼ ਚੋਂ
ਨਿਕਲੇ ਸੁਰਾਂ ਦਾ ਸੰਗੀਤ ਹਾਂ।

ਮੈਂ ਕਾਇਮ ਹਾਂ ਆਪੇ 'ਚ ਮਸਤ
ਮੇਰੀ ਕੋਈ ਸੀਮਾਂ ਨਹੀਂ
ਕੋਈ ਵਲਗਣ ਨਹੀਂ
ਮੈਨੂੰ ਜਿਸ ਸ਼ਕਲ 'ਚ ਘੜੋਗੇ
ਉਸੇ ਸੂਰਤ 'ਚ ਤਿਆਰ ਹੋ ਜਾਵਾਂਗਾ।

ਮੈਂ ਅੱਗ ਲਈ ਅੱਗ ਹਾਂ
ਪਰਬਤਾਂ ਲਈ ਪਰਬਤ ਹਾਂ
ਸ਼ਮਸ਼ੀਰ ਲਈ ਸ਼ਮਸ਼ੀਰ ਹਾਂ
ਮੈਂ ਕੁਦਰਤ 'ਚ ਰਸਿਆ
ਕੁਦਰਤ ਹਾਂ

ਮੈਂ ਪਰਿਵਰਤਨਾਂ ਦੇ ਦੁੱਖਾਂ ਨੂੰ
ਲੁਕਾਈ ਫਿਰਦਾ ਕਵੀ ਹਾਂ।

ਕਿਸੇ ਆਦਮ ਖੋਰ
ਸ਼ੈਤਾਨ ਦਾ ਕਹਿਰ
ਝੁਲਸੇ ਬਿਰਖ਼ਾਂ ਦੀ ਕਹਾਣੀ
ਪਰਿੰਦਿਆਂ ਦੇ ਪਰਾਂ ਦੀ ਫੜਫੜਾਹਟ
ਫੁੱਲਾਂ ਦੇ ਗੀਤ
ਸਭ ਮੇਰੇ ਚ ਹੀ ਰਮੇ ਹਨ ।

ਮੈਂ ਸਭ ਵਿਚ ਰਸਿਆ
ਧੜਕਦਾ ਦਿਲ ਹਾਂ
ਧੜਕਨ ਹਾਂ
ਜਾਨ ਹਾਂ
ਮੈਂ ਇਕ ਜਗਿਆਸੂ ਕਵੀ
ਮਨੁੱਖਤਾ ਦਾ ਵਿਦਿਆਰਥੀ ਹਾਂ।

✰✰✰✰✰



# ਸਾਡੇ ਜੀਉਂਦੇ ਜੀਅ

ਕਦੇ ਰੇਲਵੇ ਸਟੇਸ਼ਨ ਤੇ ਬੈਠੇ
ਉਸ ਯਾਤਰੀ ਤੋਂ ਪੁੱਛੋ
ਜਿਸਦੀ ਜੇਬ ਕੱਟੀ ਗਈ ਹੋਵੇ
ਜਾਂ ਜਿਸ ਦੀ ਧੀ ਦਾ ਬਲਾਤਕਾਰ ਹੋ ਗਿਆ ਹੋਵੇ
ਜਿਸਦੀ ਖ਼ਬਰ ਨੂੰ ਪੂਰੇ ਮੁਲਕ ਨੇ
ਤੱਕਿਆਂ ਪੜ੍ਹਿਆ ਹੋਵੇ
ਤੇ ਜਿਹਨਾਂ ਨੇ
ਆਪਣੀਆਂ ਧੀਆਂ ਨੂੰ ਸੀਨੇ ਨਾਲ ਲਾ
ਚਾਹ ਦੇ ਠੰਡੇ ਪਿਆਲੇ ਵਿਚ
ਆਪਣੇ ਕੋਸੇ ਹੰਝੂ ਕੇਰੇ ਹਨ।

ਕੀ ਜੇਬ ਕੱਟੀ ਜਾਣ ਜਾਂ
ਬਲਾਤਕਾਰ ਦਾ ਅਰਥ ਹੁੰਦਾ ਹੈ ?
ਜ਼ਿੰਦਗੀ ਕੋਈ
ਫ਼ਿਲਮ ਦੀ ਕਹਾਣੀ ਨਹੀਂ
ਸਦੀ ਦੇ ਮਹਾਂਨਾਇਕਾਂ ਨੇ ਪਾੜਕੇ ਸੁਟੇ
ਬਟੂਏ ਵਾਂਗ
ਇਕ ਨਿੱਕੀ ਜਿਹੀ ਘਟਨਾ ਦੱਸ
ਪੱਬਾਂ ਕਲੱਬਾਂ ਵਿੱਚ
ਪੈੱਗ ਨਾਲ ਪੈੱਗ ਟਕਾਰਾਉਂਦੇ ਹੋਏ
ਨਿਕਲ ਆਉਂਣਾ ਸੀ
ਕਜ਼ਰਾਰੇ ਨੈਣਾਂ ਦੇ ਰੇਗਿਸਤਾਨ ਵਿੱਚ
ਇਹ ਕਾਰਨਾਮਾ ਸਾਡੇ ਜਿਉਂਦੇ ਜੀ ਹੋਣਾ ਸੀ।

ਸਾਡੇ ਆਦਰਸ਼ਾ ਨੇ ਹਾਜਮੋਲੇ ਦੀਆਂ ਗੋਲੀਆਂ
ਤੇ ਪੋਲੀਓ ਦੀਆਂ ਐਕਸਪਾਇਰ ਹੋਈਆਂ
ਬੂੰਦਾਂ ਬਣਕੇ ਰਹਿ ਜਾਣਾ ਸੀ।

ਗਿਆਨ ਦੀਆਂ ਸੁਕੀਆਂ ਟਾਹਣੀਆਂ ਤੇ
ਅਗਿਆਨਤਾ ਦੇ ਉੱਲੂਆਂ ਨੇ
ਅਫ਼ਗਾਨ ਦੀਆਂ ਪਹਾੜੀਆਂ
ਕਰਾਚੀਆਂ ਦੀਆਂ ਗਲੀਆਂ
ਇਰਾਕ ਦੇ ਮੈਦਾਨਾ ਚੋਂ
ਸਾਡੇ ਸਮਿਆਂ ਨੇ ਸਾਡੇ ਦੁਸ਼ਮਣ ਬਣ
ਬੰਦੂਕਾਂ ਲਹਿਰਾਉਂਦੇ ਹੋਏ ਆਉਂਣਾ ਸੀ।

ਇਹ ਕਾਰਨਾਮਾ ਸਾਡੇ ਜਿਉਂਦੇ ਜੀ ਹੋਣਾ ਸੀ
ਕਿ ਹਰ ਦੂਏ-ਤੀਏ ਦਿਨ ਰੀਲੀਜ਼ ਹੁੰਦੀਆਂ ਫ਼ਿਲਮਾਂ ਤੇ
ਅਖ਼ਬਾਰਾਂ ਰਸਾਲਿਆਂ ਵਿਚ
ਫ਼ਿਲਾਸਫਰਾਂ ਵਿਚ ਬਹਿਸ ਹੋਣੀ ਸੀ
ਪਰ ਟਰੱਕ ਥੱਲੇ ਆਕੇ ਮਰੇ
ਖ਼ਰਗੋਸ਼ ਨੂੰ ਕਿਸੇ ਪੁੱਛਣਾ ਨਹੀਂ ਸੀ।

ਮੇਰੇ ਦਿਲ ਦੀ ਆਵਾਜ਼ ਨੇ ਤੇਰੇ ਦਿਲ ਦੇ
ਬੂਹੇ ਤੱਕ ਪਹੁੰਚਣ ਤੋਂ ਪਹਿਲਾਂ
ਕਿਸੇ ਸ਼ਹਿਰ ਚ ਹਾਦਸਾ ਗ੍ਰਸਤ ਹੋ ਜਾਣਾ ਸੀ
ਤੇ ਸ਼ਾਇਰ ਦੀ ਮੁਹੱਬਤ ਦਾ ਫ਼ਲਸਫ਼ਾ
ਲਿਖਣ ਤੋਂ ਪਹਿਲਾਂ ਹੀ
ਧੂੰਏ ਦੇ ਗੁਵਾਰ ਵਿਚ ਉੱਡ ਜਾਣਾ ਸੀ।
ਸਾਡੀ ਸੋਚ ਦੀ ਕੀੜੀ ਨੇ ਜ਼ਿੰਦਗੀ ਦੇ ਵਿਸ਼ੇ ਨੂੰ
ਖੰਡ ਦੇ ਦਾਣੇ ਵਾਂਗ ਢੋਹਣ ਦੀ ਕੋਸ਼ਿਸ਼ ਕਰਨੀ ਸੀ।

ਇਹ ਦੁਰਘਟਨਾ ਸਾਡੇ ਜਿਉਂਦੇ ਜੀ ਵਾਪਰਨੀ ਸੀ
ਕਿ ਸਹਿੱਤਕਾਰਾਂ ਦੀ ਭੀੜ ਨੇ ਸਾਡੇ ਵਿਹੜਿਆਂ ਵਿਚ
ਕੁੜੀਆਂ ਦੇ ਗੀਤ ਬਣਕੇ ਉੱਗਣਾ ਸੀ
ਔਰਤ ਦੀ ਹਿੱਕ ਨੂੰ ਮਿਣਦੇ ਹੋਏ
ਧੁੰਨੀ ਤੱਕ ਡਿੱਗਣ ਦੀ ਕਿਰਿਆ ਨੂੰ
ਮੁਹੱਬਤ ਦਾ ਪਵਿਤਰ ਫਲਸਫ਼ਾ ਕਹਿਣਾ ਸੀ।

✫✫✫✫✫



# ਗੁੱਸਾ ਕਿਉਂ ਨਹੀਂ ਆਉਦਾ

ਸੰਸਦ ਅੰਦਰ ਬੈਠਕੇ
ਸੰਵਿਧਾਨ ਦੀ ਵਿਆਖਿਆ ਦੇ ਨਾਂ ਤੇ
ਸੰਵਿਧਾਨ ਦੀਆਂ
ਧੱਜੀਆਂ ਉਡਾਣ ਵਾਲੇ ਲੋਕਾਂ ਤੇ
ਸੰਵਿਧਾਨ ਦੇ ਕਿਸੇ ਪੈਰੋਕਾਰ ਨੂੰ
ਗੁੱਸਾ ਕਿਉਂ ਨਹੀਂ ਆਉਂਦਾ ?

ਪਸ਼ੂਆਂ ਦਾ ਚਾਰਾ ਖਾਣ ਵਾਲੇ
ਘੁੰਮਦੇ ਨੇ ਰੇਲ ਦੇ ਏ. ਸੀ.
ਕੰਪਾਰਟਮੈਂਟ ਚ
ਰੋਜ਼ ਅਖ਼ਬਾਰ ਪੜ੍ਹਦੇ
ਪਸ਼ੂ ਵਿਭਾਗ ਚ ਕੰਮ ਕਰਦੇ
ਬਾਬੂ ਨੂੰ
ਗੁੱਸਾ ਕਿਉਂ ਨਹੀਂ ਆਉਂਦਾ?

ਸੰਸਦ ਕਾਂਡ ਵਿਚ
ਸ਼ਹੀਦ ਹੋਏ ਸਿਪਾਹੀ ਦੀ ਤਸਵੀਰ ਤੋਂ
ਸਾਰਾ ਸਾਲ ਕਿਸੇ ਨੇ ਮਿੱਟੀ ਨਹੀਂ ਝਾੜੀ
ਸੰਸਦ ਅੱਗੇ ਡਿਊਟੀ ਤੇ ਖੜੇ
ਸੁਰਖਿਆ ਕਰਮਚਾਰੀ ਨੂੰ
ਗੁੱਸਾ ਕਿਉਂ ਨਹੀਂ ਆਉਂਦਾ?

ਮਾੜੇ ਮਟੀਰੀਅਲ ਕਾਰਨ
ਸ਼ਹਿਰ ਵਿਚ ਢਹਿ ਗਈ
ਟੈਂਕੀ ਹੇਠ ਆਕੇ
ਕਈ ਮਜ਼ਦੂਰ ਮਰ ਗਏ

ਰੋਟੀ ਤੋਂ ਤੰਗ
ਉਹਨਾਂ ਦੀਆਂ ਪਤਨੀਆਂ
ਬੱਚਿਆਂ ਤੇ ਮਾਪਿਆਂ ਨੂੰ
ਗੁੱਸਾ ਕਿਉਂ ਨਹੀਂ ਆਉਂਦਾ ?

ਪੰਜ ਪੰਜ ਜਾਹਲੀ
ਵੋਟਾ ਪਾਉਣ ਤੋਂ ਬਾਅਦ
ਜਦ ਉਹਨਾਂ ਨੂੰ
ਉਹਨਾਂ ਦੇ ਹਿੱਸੇ ਦੀ
ਸ਼ਰਾਬ ਨਹੀਂ ਮਿਲਦੀ
ਤਾਂ ਉਹਨਾਂ ਨੂੰ ਗੁੱਸਾ
ਆ ਹੀ ਜਾਂਦਾ ਹੈ
ਉਹਨਾਂ ਦਾ ਗੁੱਸਾ
ਸੁਭਾਵਿਕ ਹੀ ਹੈ
ਉਹਨਾਂ ਨੂੰ ਗੁੱਸਾ
ਆਉਂਣਾ ਹੀ ਚਾਹੀਦਾ ਹੈ।
ਕਿਉਂਕਿ..........॥

✲✲✲✲✲



# ਸਿਆਸਤ

ਵਿੱਚਕਾਰੋਂ ਟੁੱਟਦੇ ਪੁਲਾਂ ਵਾਂਗ
ਪਟੜੀ ਤੋਂ ਫ਼ਿਸਲਦੀਆਂ ਟਰੇਨਾਂ ਵਾਂਗ
ਨਿੱਤ ਬਦਲਦੀਆਂ ਸਰਕਾਰਾਂ ਵਾਂਗ
ਅਸੀਂ ਕਦੀ ਮੁਕਤ ਨਹੀਂ ਹੋ ਸਕਦੇ
ਕਿਉਂਕਿ ਅਸੀਂ ਸਿਆਸਤ ਦੇ ਸ਼ਿਕਾਰ ਹਾਂ
ਘਰ ਤੋਂ ਲੈ ਕੇ ਦਿੱਲੀ ਤੱਕ
ਦਿੱਲੀ ਤੋਂ ਲੈ ਕੇ ਵਾਈਟ ਹਾਉਸ ਤੱਕ।

ਕੂੜਾ ਚੁੱਕਦੇ ਸਵੀਪਰ ਵਾਂਗ
ਕੇਤਲੀ 'ਚੋਂ ਉਠਦੀ ਭਾਫ਼ ਵਾਂਗ
ਸ਼ਟੇਸ਼ਨਾਂ ਤੇ ਵਿਕਦੀ ਚਾਹ ਵਾਂਗ
ਅਸੀਂ ਕਦੀ ਮੁਕਤ ਨਹੀਂ ਹੋ ਸਕਦਾ
ਕਿਉਂਕਿ ਅਸੀਂ ਸਿਆਸਤ ਦੇ ਸ਼ਿਕਾਰ ਹਾਂ
ਘਰ ਤੋਂ ਲੈ ਕੇ ਦਿੱਲੀ ਤੱਕ
ਦਿੱਲੀ ਤੋਂ ਲੈ ਕੇ ਵਾਈਟ ਹਾਉਸ ਤੱਕ।

ਡਰੱਗਸ ਲੈਂਦੇ ਬੱਚਿਆਂ ਵਾਂਗ
ਏਡਜ਼ ਫ਼ੈਲਾਉਂਦੀਆਂ ਸੂਈਆਂ ਵਾਂਗ
ਤਿਲ ਤਿਲ ਕਰਕੇ ਮਰਦੀ ਜਵਾਨੀ ਵਾਂਗ
ਭਟਕੀ ਹੋਈ ਪੀੜ੍ਹੀ ਵਾਂਗ
ਅਸੀਂ ਕਦੀ ਮੁਕਤ ਨਹੀਂ ਹੋ ਸਕਦਾ
ਕਿਉਂਕਿ ਅਸੀਂ ਸਿਆਸਤ ਦੇ ਸ਼ਿਕਾਰ ਹਾਂ।

ਮਸਲੀ ਹੋਈ ਸਿਗਰਟ ਵਾਂਗ
ਥੁੱਕੇ ਹੋਏ ਪਾਨ ਵਾਂਗ
ਪਾਟੇ ਹੋਏ ਨੋਟ ਵਾਂਗ
ਅਸੀਂ ਕਦੀ ਮੁਕਤ ਨਹੀਂ ਹੋ ਸਕਦਾ
ਕਿਉਂਕਿ ਅਸੀਂ ਸਿਆਸਤ ਦੇ ਸ਼ਿਕਾਰ ਹਾਂ
ਘਰ ਤੋਂ ਲੈ ਕੇ ਦਿੱਲੀ ਤੱਕ
ਦਿੱਲੀ ਤੋਂ ਲੈ ਕੇ ਵਾਈਟ ਹਾਉਸ ਤੱਕ।

✲✲✲✲✲

# ਜ਼ਿੰਦਗੀ ਦੇ ਅਰਥ

ਉਂਝ ਤਾਂ ਮੈਨੂੰ ਵੀ ਆਉਂਦੇ ਨੇ
ਪਿਆਰ ਭਰੇ ਖੱਤ।
ਉਂਝ ਤਾਂ
ਮੇਰਾ ਦਿਲ ਵੀ ਕਰਦਾ ਹੈ
ਕਿ
ਮੈਂ ਵੀ ਆਪਣੀ ਹੀਰ ਨੂੰ
ਪੈਪਸੀ ਪਿਲਾਕੇ
ਲੇਜ਼ ਖਿਲਾਕੇ
ਸਕਾਰਪੀਓ ਗੱਡੀ ਵਿੱਚ
ਏ ਸੀ ਚਲਾਕੇ
ਲੌਂਗ ਡਰਾਇਵ ਤੇ
ਲੈ ਜਾਵਾਂ
ਪਰ ਮੇਰੇ ਲਈ
ਜ਼ਿੰਦਗੀ ਦੇ ਅਰਥ
ਬਿਊਟੀ ਪਾਲਰ ਵਿੱਚ
ਮੂੰਹ ਤੇ ਲਗਾਈ ਕਰੀਮ
ਅੱਖਾਂ ਤੇ ਖੀਰਿਆਂ ਦੇ ਪੀਸ ਰੱਖ ਕੇ
ਸੁੱਤੀ ਕੁੜੀ ਦੀ ਉਡੀਕ ਕਰਨਾ ਨਹੀਂ।
ਮੈਂ ਅਕਸਰ ਇਹ ਹੀ ਸੋਚਦਾ ਹਾਂ
ਸਾਡੀ ਤਕਦੀਰ ਕਾਲਜ ਦੇ
ਗੇਟ ਕੋਲ ਰੇਹੜੀ ਤੇ ਚਾਟ
ਵੇਚਣ ਤੱਕ ਹੀ
ਕਿਉਂ ਹੈ।
ਅਕਸਰ ਮੇਰੇ ਨਾਲ
ਇਹੀ ਘਟਨਾ ਵਾਪਰਦੀ ਹੈ
ਜਦ ਵੀ ਮੈਂ



ਮੇਰੇ ਲਈ
ਸਕੂਲ ਦਾ ਦਰਵਾਜ਼ੇ ਟੱਪਣਾ
ਸੌ ਸਰਹੱਦਾਂ ਟੱਪਣ ਦੇ
ਬਰਾਬਰ ਕਿਉਂ ਹੈ।
ਉਂਝ ਤਾਂ ਮੇਰੀ ਵੀ ਅੱਖ
ਲੋਚਦੀ ਹੈ
ਉਸ ਦੀ ਯਾਦ ਵਿੱਚ
ਤਾਰਿਆਂ ਦੀ ਗਿਣਤੀ ਕਰਨਾ
ਪਰ ਮੇਰੇ ਲਈ
ਜ਼ਿੰਦਗੀ ਦੇ ਅਰਥ
ਮਹਿਬੂਬ ਦੇ ਗੱਲਾਂ ਤੇ ਨਿਕਲੇ
ਕਿਲਾਂ ਵਾਂਗ ਨਹੀਂ
ਕਿ ਦੋਨਾਂ ਅਗੂਠਿਆਂ ਨਾਲ
ਦਬਾਕੇ
ਉਨ੍ਹਾਂ ਦੀਆਂ ਆਂਦਰਾਂ
ਸ਼ੀਸ਼ੇ ਉੱਤੇ ਖਿਲਾਰ ਦਿਆਂ।
ਉਂਝ ਤਾਂ ਮੈਨੂੰ ਵੀ ਆਉਂਦੇ ਹਨ
ਪਿਆਰ ਭਰੇ ਖੱਤ
ਪਰ
ਜਦ ਵੀ ਆਉਂਦੇ ਨੇ
ਚੰਨ ਵਾਂਗ ਦਾਗ਼ ਭਰੇ ਹੁੰਦੇ ਨੇ।
ਉਂਝ ਤਾਂ
ਉਹ ਵੀ ਕੋਠੇ ਤੇ
ਵਾਲ ਸੁਕਾਉਂਦੀ ਹੈ
ਉਸ ਦਾ ਵੀ ਚਿਹਰਾ
ਚੌਦਵੀਂ ਦੇ ਚੰਨ ਵਰਗਾ ਹੈ।
ਮੈਂ ਕਈ ਵਾਰ ਚਾਹੀਆ ਹੈ ਕਿ
ਜ਼ਿੰਦਗੀ ਦੇ ਅਰਥ ਬਦਲਾਂ
ਤੇ ਮੈਂ ਜ਼ਿੰਦਗੀ ਤੋਂ
ਜ਼ਿੰਦਗੀ ਦੇ

ਕਈ ਅਰਥ ਲੈ ਕੇ ਪਰਤਿਆਂ ਹਾਂ
ਹਰ ਵਾਰ ਜ਼ਿੰਦਗੀ
ਮੇਰੇ ਜੀਵਨ ਦੇ ਨਵੇਂ ਅਰਥ ਕਰ ਦਿੰਦੀ ਹੈ
ਤੇ ਹਰ ਅਰਥ
ਮੇਰੇ ਜੀਵਨ ਲਈ ਇੱਕ ਹਾਦਸਾ ਹੁੰਦਾ ਹੈ
ਜੇ ਇਹੀ ਹਾਲ ਰਿਹਾ ਤਾਂ
ਮੈਂ ਡਰਦਾ ਹਾਂ
ਕਿ ਮੇਰੀ ਜ਼ਿੰਦਗੀ
ਮੈਨੂੰ ਵਿਅਰਥਾਂ ਨਾ ਕਰ ਦੇਵੇ।

✲✲✲✲✲

## ਆਦਮਖੋਰ

ਕਤਲ ਕਰਨਾ ਸਿੱਖ ਲਿਆ, ਆਦਮੀ ਨੇ ਆਦਮੀ ਨੂੰ
ਹਥਿਆਰ ਚਲਾਉਂਣੇ ਸਿੱਖ ਲਏ, ਨਿਸ਼ਾਨੇ ਲਾਉਂਣੇ ਸਿੱਖ ਲਏ।

ਲਹੂ ਪੀ ਰਹੇ ਨੇ,ਮਾਸ ਖਾ ਰਹੇ ਨੇ
ਜ਼ਮੀਨ ਦੇ ਜ਼ਰੇ-ਜ਼ਰੇ ਤੇ, ਆਦਮਖੋਰ ਵਧਦੇ ਜਾ ਰਹੇ ਨੇ।

ਅੱਖਾਂ ਤੇ ਲੱਗੇ ਤਾਲੇ, ਦਿਲਾਂ ’ਚ ਖਾਰ ਉਗਾ ਲਏ
ਦੇਵ ਰੂਹਾਂ ਵਿੱਚ ਆ ਕਿੱਥੋਂ, ਇਹ ਰਾਵਣ ਬਹਿ ਗਏ।

ਤੂੰ ਸੋਚਾਂ ਵਿੱਚ ਉਲਝਿਆਂ, ਤੇਰਾ ਵਜ਼ੂਦ ਹੱਥੋਂ ਨਿਕਲ ਗਿਆ
ਇੱਕ ਫ਼ਕਰ ਹੋਏ ਸ਼ਾਇਰ ਨੇ, ਹਾਲ ਤੇਰੇ ਦਿਲ ਦਾ ਪੜ੍ਹ ਲਿਆ।

ਜਜ਼ਬਾਤਾਂ ਦੇ ਨਾਮ ਤੇ, ਸ਼ਹਿਰਾਂ ਦੇ ਸ਼ਹਿਰ ਉਜੜ ਗਏ
ਹਾਕਮ ਦੀ ਇੱਕ ਚਾਲ ਨੇ, ਭੋਲੇ ਭਾਲੇ ਬੰਦੇ ਜਕੜ ਲਏ।

✲✲✲✲✲



## ਇਸ ਵਾਰ ਫੇਰ

ਮੇਰੇ ਲਹੂ ਦੇ ਤੁਪਕਿਆਂ ਨੇ ਹਮੇਸ਼ਾ
ਮੇਰੇ ਮੁਲਕ ਦੀ ਤਕਦੀਰ ਨੂੰ
ਜਾਗ ਲਾਇਆਂ ਹੈ
ਭਾਵੇਂ ਉਨਾਂ ਨੇ ਮੈਨੂੰ ਕੁਰਸੀ ਦੀਆਂ
ਘੁਣ ਹੋਇਆਂ ਬਾਹੀਆਂ ਖ਼ਾਤਿਰ
ਕਤਲ ਕੀਤਾ ਹੈ।

ਸਮੇ ਦੇ ਹੱਥਾਂ ਨੇ ਹਮੇਸ਼ਾ ਮੇਰੀ
ਕੁਰਬਾਨੀ ਨੂੰ ਜੁਲਮੀ ਖੇਤਾਂ ਵਿੱਚ ਬੀਜ ਕੇ
ਅਮਨ ਦੀ ਫ਼ਸਲ ਉਗਾਈ ਹੈ।

ਇਸ ਵਾਰ ਫਿਰ ਆਪਾਂ ਨੇ
ਇਕਠਿਆਂ ਫ਼ਿਲਮ ਦੇਖੀ ਹੈ
ਇਸ ਵਾਰ ਫਿਰ ਮੈਨੂੰ
ਮੁਲਕ ਦਾ ਝੁਲਸਿਆਂ
ਚਿਹਰਾ ਰਾਸ ਨਹੀਂ ਆਇਆਂ
ਸੜਕਾਂ ਤੇ ਸੜਦੇ ਟਾਇਰ
ਧੁਆਂਖੀ ਕੰਧ ਤੇ ਪਏ
ਅੱਗ ਦੇ ਨਿਸ਼ਾਨ
ਰਾਸ ਨਹੀਂ ਆਏ
ਇਸ ਵਾਰ ਫਿਰ ਤੈਨੂੰ।

ਆਪਨੇ ਝੜਦੇ ਵਾਲਾਂ ਦੀ
ਫਿਕਰ ਰਹੀ।
ਇਸ ਵਾਰ ਫਿਰ
ਮੈਂ ਜ਼ੁਲਮ ਦੇ ਨੌਂਹ ਵੱਡੇ
ਇਸ ਵਾਰ ਦੀ ਕਲੀ ਜੁੱਟ

ਮੈਂ ਬੁੱਝ ਲਈ
ਇਸ ਵਾਰ ਫਿਰ ਮੈਥੋਂ
ਆਟੇ ਤੇ ਦਾਲ ਦੀ
ਹੁੰਦੀ ਸਿਆਸਤ ਦੇਖਕੇ
ਚੁੱਪ ਨਹੀਂ ਰਹਿ ਹੋਇਆ।

ਇਸ ਵਾਰ ਫਿਰ ਮੈਥੋਂ
ਦਿਲ ਦੇ ਕੋਰੇ ਕਾਗਜ਼ ਤੇ
ਆਪਣੇ ਹਸਤਾਖ਼ਰ ਨਹੀਂ ਹੋਏ
ਇਸ ਵਾਰ ਫਿਰ ਤੈਨੂੰ
ਮੇਰੇ ਦਿਲ ਚੋਂ
ਦੇਸ਼ ਲਈ ਉੱਠਦੇ
ਤਰਸ ਤੋਂ ਸਿਵਾਏ
ਹੋਰ ਕੁਝ ਨਜ਼ਰ ਨਹੀਂ ਆਵੇਗਾ।

ਇਸ ਵਾਰ ਫਿਰ ਮੈਂ ਚਾਹੀਆ ਕਿ
ਤੇਰੀ ਉਡੀਕ ਚ ਬੈਠਾਂ
ਚਲ ਛੱਡ
ਪਿਆਰ ਮੁਹੱਬਤ ਦੀਆਂ ਗੱਲਾਂ
ਮੇਰੇ ਬਸ ਦੀਆਂ ਨਹੀਂ
ਹੁਣ ਤੂੰ ਛੱਡ ਪਰੇ ਮੇਰੀ ਬਾਂਹ।

ਇਸ ਵਾਰ ਫਿਰ
ਦੇਸ਼ ਦੇ ਨਕਸ਼ੇ ਤੋਂ
ਅਲੋਪ ਹੋ ਰਹੇ ਖੂਹਾਂ ਵਾਂਗ
ਅਸੀਂ ਵੀ ਅਲੋਪ ਹੋ ਜਾਈਏ।

ਅਗਲੀ ਵਾਰ ਤੂੰ ਵਰ ਹੋਰ ਚੁਣੀ
ਅਗਲੀ ਵਾਰ ਮੈਂ ਦੁਲਹਨ ਹੋਰ ਚੁਣਾਗਾਂ
ਤੇ ਅਗਲੀ ਵਾਰ ਤੂੰ



ਰੱਜਕੇ ਪਿਆਰ ਦੀ ਖੇਡ ਖੇਡੀ
ਪਰ ਮੈਂ ਅਗਲੀ ਵਾਰ ਵੀ
ਇਸ਼ਕ ਦੀ ਉਮਰ
ਸਵਿਕਾਰ ਨਹੀਂ ਕਰਾਂਗਾ।

ਇਸ ਵਾਰ ਤਾਂ ਮੈਂ
ਜਦ ਵੀ ਸਿਆਸਤ ਦੀ
ਜੁਗ਼ਲ ਬੰਦੀ ਤੋਂ ਬਾਹਰ ਆਇਆਂ ਹਾਂ
ਤਾਂ ਤੇਰੇ ਨੈਣਾਂ ਚੋਂ ਡਿੱਗਦੇ
ਹੰਝੂ ਹੀ ਮੈਨੂੰ ਨਜ਼ਰ ਆਏ ਹਨ।

ਆਪਾ ਦੋਵੇਂ ਜਾਣਦੇ ਹਾਂ
ਕਿ ਸ਼ਹੀਦ ਹੋਣ ਤੋਂ ਪਹਿਲਾਂ
ਹੋਰ ਬਹੁਤ ਕੁਝ
ਸ਼ਹੀਦ ਕਰਨਾ ਪੈਂਦਾ ਹੈ!

✡✡✡✡✡